ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

ਜਿਲਦ 28
ਨੰਬਰ 13
Total Pages 44

੧੬ ਸਾਉਣ ਤੋਂ ੩੧ ਸਾਉਣ ੨੦੭੭ ਬ੍ਰਿ.
31 July To 15 Aug. 2020



1947



2020

## ਸ੍ਰੀ ਭੈਣੀ ਸਾਹਿਬ ਵਿਖੇ ਹੋਈ ਫੁੱਟਬਾਲ ਲੀਗ ਦੀਆਂ ਝਲਕੀਆਂ










# ਸਤਿਜੁਗ

੧੬ ਸਾਉਣ ਤੋਂ ੩੧ ਸਾਉਣ ੨੦੭੭ ਬਿ.
31 ਜੁਲਾਈ ਤੋਂ 15 ਅਗਸਤ 2020 ਈ:
ਜਿਲਦ 28, ਵੀਰਵਾਰ ਨੰਬਰ 13

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Harpal Singh 'Sewak'*
*Sukhwinder Singh 'Lyall'*
*Sant Nishan Singh*
*Jaswant Singh 'Mast'*
***Bhajan Singh***
***Gurlal Singh***



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ ਸ਼ਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ਸ਼ਧ ਡਾਲਰ

***Designed and Typeset:***
***Hakam Singh & Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ-- ਅਧੂਰੀ ਆਜ਼ਾਦੀ
ਗੁਰਲਾਲ ਸਿੰਘ........................................4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ..........................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.............................6
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ...........................7
* A Saga of Sri Satguru Jagjit Singh ji
Dr. Sharada Jayagovind .................................12
* ਸ਼ਹੀਦ ਊਧਮ ਸਿੰਘ ਦੀ ਜੀਵਨ ਯਾਤਰਾ
ਮਲਵਿੰਦਰਜੀਤ ਸਿੰਘ ਵੜੈਚ...........................13
* ਮੇਰੇ ਪਿੰਡ ਪਿੱਥੋ ਦੇ ਨਾਮਧਾਰੀ ਸ਼ਹੀਦ...
ਗੁਰਬਚਨ ਭੁੱਲਰ.. ..................................16
* ਜੰਗੇ-ਏ-ਆਜ਼ਾਦੀ ਹਿੰਦੋਸਤਾਨ
ਮਨਮੋਹਨ ਸਿੰਘ ਪੂਨੀ (ਨਿਊਯਾਰਕ)................22
* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ...............................26
* ਅੜਬੰਗੀ (ਨਾਵਲ)
ਸਵ. ਸੰਤ ਇੰਦਰ ਸਿੰਘ ਚੱਕਰਵਰਤੀ ..................28
* ਕਾਵਿ-ਕਿਆਰੀ .........................................30
* ਸੁੱਚੇ ਮੋਤੀ ..............................................33
* ਬੱਚਿਆਂ ਦਾ ਪੰਨਾ.........................................34
* ਖ਼ਬਰਨਾਮਾ...............................................35
* ਨਾਮਧਾਰੀ ਨਿੱਤਨੇਮ ਸਟੀਕ-ਰੀਵਿਊ
ਜਸਵੰਤ ਸਿੰਘ ਮਸਤ...............................42

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

# ਅਧੂਰੀ ਆਜ਼ਾਦੀ

ਯੇ ਦਾ.ਗ ਦਾ.ਗ ਉਜਾਲਾ, ਯੇ ਸ਼ਬ ਗਜ਼ੀਦਾ ਸਹਰ
ਵੋ ਇੰਤਜ਼ਾਰ ਥਾ ਜਿਸ ਕਾ, ਯੇ ਵੋ ਸਹਰ ਤੋ ਨਹੀਂ।

ਅੱਜ ਆਜ਼ਾਦੀ ਮਿਲਿਆਂ ਨੂੰ 73 ਸਾਲ ਪੂਰੇ ਹੋ ਗਏ, ਪਰ ਅੱਜ ਵੀ ਉਰਦੂ ਦੇ ਮਹਾਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀ ਉਪਰੋਕਤ ਲਿਖੀ ਗਜ਼ਲ ਕਿੰਨੀ ਸੱਚੀ ਲੱਗਦੀ ਹੈ। ਸਾਡੇ ਪੁਰਖਿਆਂ ਨੇ ਜਿਸ ਆਜ਼ਾਦ ਭਾਰਤ ਦਾ ਸੁਪਨਾ ਲਿਆ ਉਹ ਇਸ ਵਰਗਾ ਨਹੀਂ ਸੀ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ 'ਭਕਨਾ' ਸਤਿਗੁਰੂ ਜਗਜੀਤ ਸਿੰਘ ਜੀ ਨਾਲ ਕੀਤੀ ਇੱਕ ਮੁਲਾਕਾਤ ਵਿੱਚ ਆਖਦੇ ਹਨ ਕਿ "ਇਹ ਆਜ਼ਾਦੀ ਅਧੂਰੀ ਹੈ।" ਇਨ੍ਹਾਂ ਲੋਕਾਂ ਦੇ ਆਜ਼ਾਦੀ ਬਾਰੇ ਕਿੰਨੇ ਚਾਹ ਤੇ ਕਿੰਨੇ ਸੁਪਨੇ ਸੀ, ਜੋ ਪੂਰੇ ਨਾ ਹੋ ਸਕੇ। ਦੇਸ਼ 'ਤੇ ਰਾਜ ਕਰਦੀਆਂ ਧਿਰਾਂ ਕਦੇ ਵੀ ਆਮ ਲੋਕਾਂ ਦੇ ਹੱਕਾਂ ਦੀ ਗੱਲ ਨਹੀਂ ਕਰਦੀਆਂ ਵੇਖੀਆਂ। ਸੱਤ ਦਹਾਕਿਆਂ ਤੋਂ ਵੱਧ ਸਮਾਂ ਹੋ ਜਾਣ 'ਤੇ ਵੀ ਭਾਰਤ ਵਿੱਚ ਲੋਕਾਂ ਦੀਆਂ ਮੌਲਿਕ ਲੋੜਾਂ ਪੂਰੀਆਂ ਨਹੀਂ ਹੋ ਸਕੀਆਂ। ਨਾ ਸਿੱਖਿਆ, ਨਾ ਸਿਹਤ ਸੇਵਾਵਾਂ ਤੇ ਨਾ ਹੀ ਸੁਰੱਖਿਆ ਪ੍ਰਬੰਧ ਪੱਖੋਂ ਸਰਕਾਰਾਂ ਲੋਕਾਂ ਨੂੰ ਸੰਤੁਸ਼ਟ ਕਰ ਸਕੀਆਂ। ਫਿਰ ਇਹ ਸਵਾਲ ਬਣਦਾ ਹੈ ਕਿ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈਣ ਲਈ ਜੋ ਕੁਰਬਾਨੀਆਂ ਕੀਤੀਆਂ ਉਹ ਕਿਸ ਅਰਥ? ਸਰਕਾਰਾਂ ਨੇ ਉਨ੍ਹਾਂ ਦੇਸ਼ ਭਗਤਾਂ ਦੇ ਲਹੂ ਦਾ ਕੀ ਮੁੱਲ ਪਾਇਆ?

ਭਾਰਤ ਦੀ ਗੁਲਾਮੀ ਦੀ ਦਾਸਤਾਨ ਬਹੁਤ ਲੰਬੀ ਹੈ, ਪਰ ਪੰਜਾਬ ਦੇ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ ਨੂੰ ਅਪਣਾਉਂਦੇ ਹੋਏ ਦੂਜੇ ਦੇਸ਼ ਨਾਲੋਂ ਆਜ਼ਾਦੀ ਦੇ ਅਰਥ ਪਹਿਲਾਂ ਸਮਝ ਲਏ। ਇਸ ਕਰਕੇ ਪੰਜਾਬੀਆਂ ਨੇ ਆਪਣਾ ਰਾਜ ਕਾਇਮ ਕੀਤਾ। ਇਹ ਰਾਜ ਭਾਵੇਂ ਥੋੜ੍ਹਾ ਸਮਾਂ ਰਿਹਾ, ਪਰ ਪੰਜਾਬੀਆਂ ਦੀ ਸਮਰੱਥਾ ਅਤੇ ਦ੍ਰਿੜ੍ਹਤਾ ਨੂੰ ਸੰਸਾਰ 'ਚ ਉਜਾਗਰ ਕਰ ਗਿਆ। ਅੰਗਰੇਜ਼ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਪੰਜਾਬੀਆਂ 'ਤੇ ਵੀ ਕਾਰਗਰ ਸਿੱਧ ਹੋਈ। ਆਖ਼ਿਰ 1849 ਈ. ਨੂੰ ਪੰਜਾਬ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਗਿਆ, ਪਰ ਅੰਗ੍ਰੇਜ਼ ਪੰਜਾਬੀਆਂ ਅੰਦਰੋਂ ਆਜ਼ਾਦੀ ਦਾ ਸੁਪਨਾ ਨਾ ਖ਼ਤਮ ਕਰ ਸਕੇ। ਆਜ਼ਾਦ ਸੋਚ ਵਾਲੇ ਲੋਕਾਂ ਦਾ ਕਾਰਵਾ ਮਾਲਵੇ ਦੇ ਪਿੰਡ ਸ੍ਰੀ ਭੈਣੀ ਸਾਹਿਬ ਵਿੱਚ ਸਤਿਗੁਰੂ ਰਾਮ ਸਿੰਘ ਦੀ ਅਗੁਵਾਈ ਵਿੱਚ ਇਕੱਠਾ ਹੋਣ ਲੱਗਾ।

12 ਅਪ੍ਰੈਲ 1857 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸਫ਼ੇਦ ਝੰਡਾ ਲਹਿਰਾ ਕੇ ਅੰਗ੍ਰੇਜ਼ ਵਿਰੁੱਧ ਨ-ਮਿਲਵਰਤਨ ਦੀ ਲਹਿਰ ਚਲਾ ਦਿੱਤੀ। ਹਜ਼ਾਰਾਂ ਨੌਜਵਾਨ ਇਸ ਨਵੀਂ ਲਹਿਰ ਵਿੱਚ ਸ਼ਾਮਿਲ ਹੋਣ ਲਈ ਸਿਰਾਂ 'ਤੇ ਕਫ਼ਨ ਬੰਨ੍ਹ ਘਰੋਂ ਤੁਰੇ। ਇਸ ਘਟਨਾ ਤੋਂ ਇੱਕ ਮਹੀਨੇ ਬਾਅਦ 10 ਮਈ 1957 ਈ. ਨੂੰ ਭਾਰਤ ਦੇ ਦੂਜੇ ਹਿੱਸਿਆਂ ਵਿੱਚ ਅੰਗ੍ਰੇਜ਼ ਖਿਲਾਫ਼ ਵਿਧਰੋਹ ਸ਼ੁਰੂ ਹੋ ਗਿਆ। ਜਿਸ ਨੂੰ ਸੈਨਿਕ ਮੰਗਲ ਪਾਂਡੇ ਨੇ ਸ਼ੁਰੂ ਕੀਤਾ। ਇਸ ਵਿਦਰੋਹ ਨੂੰ ਕਈ ਰਿਆਸਤੀ ਰਾਜਿਆਂ ਦਾ ਸਮਰਥਨ ਮਿਲਿਆ। ਵਿਦਰੋਹ ਦੀ ਅੱਗ ਦਾ ਸੇਕ ਇੰਗਲੈਂਡ ਦੀ ਪਾਰਲੀਮੈਂਟ ਤੱਕ ਗਿਆ। ਹੁਣ ਭਾਰਤ ਵਿੱਚ ਅੰਗ੍ਰੇਜ਼ ਨੇ ਨਵੇਂ ਪ੍ਰਬੰਧਕੀ ਢਾਂਚੇ ਦੀ ਉਸਾਰੀ ਕੀਤੀ। ਜਿਸ ਦੀ ਕਮਾਂਡ ਇੰਗਲੈਂਡ ਤੋਂ ਚੱਲਦੀ ਸੀ। ਇਸ ਸਮੇਂ ਤੱਕ ਅੰਗਰੇਜ਼ ਭਾਰਤੀ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਗਿਆ ਸੀ। ਉਸ ਨੂੰ ਪਤਾ ਸੀ ਕਿ ਇਹ ਲੋਕ ਆਪਸ ਵਿੱਚ ਕਈ ਕਬੀਲਿਆਂ, ਜਾਤਾਂ, ਧਰਮਾਂ ਅਤੇ ਨਸਲਾਂ ਵਿੱਚ ਵੰਡੇ ਹੋਏ ਹਨ। ਇਨ੍ਹਾਂ ਦੇ ਰਸਮਾਂ-ਰਿਵਾਜ, ਖਾਣ-ਪੀਣ ਤੇ ਪਹਿਰਾਵਾ ਆਦਿ ਇੱਕ ਦੂਜੇ ਨਾਲੋਂ ਪੂਰੀ ਤਰ੍ਹਾਂ ਭਿੰਨ ਹਨ। ਧਾਰਮਿਕ ਮਾਨਤਾਵਾਂ ਤੇ ਜੱਗ ਜ਼ਾਹਿਰ ਹੀ ਸਨ।

ਅਮਗਰੇਜ਼ ਨੇ ਭਾਰਤੀ ਲੋਕਾਂ ਨੂੰ ਆਪਸ ਵਿੱਚ ਉਲਝਾਉਣ ਲਈ ਧਾਰਮਿਕ ਮਸਲਿਆਂ ਵਿੱਚ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੱਤੀ। ਪੰਜਾਬ ਵਿੱਚ ਥਾਂ-ਥਾਂ ਬੁੱਚੜਖਾਨੇ ਖੋਲ੍ਹਣ ਦੀ ਇਜਾਜ਼ਤ ਦਿੱਤੀ ਗਈ। ਜਿਸ ਦੇ ਵਿਰੋਧ ਵਿੱਚ ਹਿੰਦੂ-ਮੁਸਲਿਮ ਟਕਰਾਅ ਵੀ

ਹੋਏ। ਕੂਕਿਆਂ ਨੂੰ ਅੰਗਰੇਜ਼ ਦੀ ਇਸ ਚਾਲ ਦਾ ਪਤਾ ਸੀ, ਇਸ ਕਰਕੇ ਕੂਕਿਆਂ ਨੇ ਇਹ ਪ੍ਰਚਾਰ ਆਮ ਕੀਤਾ ਕਿ ਬੁੱਚੜਖਾਨੇ ਲਾਉਣ ਵਾਲੇ ਅੰਗਰੇਜ਼ ਹਨ।

ਸਤਿਗੁਰੂ ਹੋਰ ਹੁਕਮ ਚੜ੍ਹਾਏ, ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਸ਼ ਲੰਦਨੋਂ ਆਏ, ਇਨ੍ਹਾਂ ਬੁੱਚੜਖਾਨੇ ਲਾਏ,
ਸਾਨੂੰ ਦੁੱਖ ਗਊਆਂ ਦਾ ਖਾਏ, ਨਾਏ ਕਰਤਾਰ ਦੇ।

(ਬਾਰਾਂਮਾਹ ਚੰਦਾ ਸਿੰਘ)

ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲਾ ਵਾਲੇ ਬੁੱਚੜਾਂ ਨੂੰ ਸ਼ਹਿਰ ਦੇ ਲੋਕਾਂ ਨੇ ਗਾਵਾਂ ਕਤਲ ਕਰਨ ਤੋਂ ਰੋਕਿਆ, ਪਰ ਉਨ੍ਹਾਂ ਨੂੰ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਸੀ। ਇਸ ਕਰਕੇ ਉਨ੍ਹਾਂ ਨੇ ਲੋਕਾਂ ਦੀਆਂ ਬੇਨਤੀਆਂ ਤੇ ਧਮਕੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਧਾਰਮਿਕ ਸੂਰਬੀਰਾਂ ਨੇ ਇਨ੍ਹਾਂ ਲੋਕਾਂ ਨੂੰ ਸੋਧਾ ਲਾ ਇਹ ਦੱਸਿਆ ਕਿ ਅਸੀਂ ਤੁਹਾਨੂੰ ਭਾਰਤੀ ਸਮਾਜ ਦੀ ਗੰਗਾ-ਯਮੁਨਾ ਤਹਿਜ਼ੀਬ ਨਹੀਂ ਤੋੜਨ ਦਿਆਂਗੇ ਅਤੇ ਨਾ ਹੀ ਤੁਹਾਡੇ ਮਾਲਕ ਅੰਗਰੇਜ਼ ਨੂੰ ਅਸੀਂ ਇਸ ਦੇਸ਼ ਦਾ ਹੁਕਮਰਾਨ ਸਮਝਦੇ ਹਾਂ। ਜੋ ਆਪਣੀ ਮਰਜ਼ੀ ਨਾਲ ਲੋਕਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇ ਰਿਹਾ ਹੈ। ਇਨ੍ਹਾਂ ਸੂਰਬੀਰਾਂ ਨੇ ਆਪਣੇ ਕੀਤੇ ਕੰਮ ਨੂੰ ਕਬੂਲਿਆ ਅਤੇ ਹੱਸ ਕੇ ਸ਼ਹਾਦਤ ਦਾ ਜਾਮ ਪੀਤਾ।

ਅਸੀਂ ਮਰਨੋਂ ਡਰਦੇ ਨਹੀਂ ਹਾਂ, ਸਾਡੇ ਦਿਲ ਵਿੱਚ ਭਰਿਆ ਚਾਅ।
ਹੈ ਨੌਂ ਮਹੀਨੇ ਦੇਰ ਫੇਰ ਝਬ ਮੁੜ ਕੇ ਜਾਈਏ ਆ।
ਅਸੀਂ ਛਾਤੀ ਤਾਣ ਖਲੋਈਏ ਤੁਸੀਂ ਦੇਣੀ ਤੋਪ ਚਲਾ।
ਸਾਡੀ ਬੋਟੀ-ਬੋਟੀ ਕਰਕੇ ਦੇਣੀ ਕੱਲਰ ਏਸ ਖਿੰਡਾ।
ਸਾਡੇ ਖੂਨ 'ਚੋਂ ਪੈਦਾ ਹੋਣ ਉਹ, ਤੁਹਾਡਾ ਤਖਤਾ (ਜੋ) ਦੇਣਾ ਉਲਟਾ।
ਲੋਕੀਂ ਆਂਹਦੇ ਕੱਲਰ ਨਾ ਜੰਮਦੇ, ਅਸੀਂ ਦੇਣੇ ਨੇ ਕੌਲ ਉਗਾ। (ਮਾਲਵੇਂਦ੍ਰ)

ਨਾਮਧਾਰੀ ਸੂਰਬੀਰਾਂ ਦੀ ਇਸ ਪਾਈ ਪੈੜ ’ਤੇ ਚੱਲ ਲੱਖਾਂ ਹੀ ਦੇਸ਼-ਭਗਤਾਂ ਆਜ਼ਾਦੀ ਲਈ ਆਪਾ ਕੁਰਬਾਨ ਕੀਤਾ। ਆਖਿਰ 15 ਅਗਸਤ 1947 ਈ. ਨੂੰ ਆਜ਼ਾਦੀ ਦਾ ਐਲਾਨ ਹੋਇਆ। ਦੇਸ਼ ਵਿੱਚ ਖ਼ੁਸ਼ੀਆਂ ਆਈਆਂ, ਪਰ ਪੰਜਾਬ ਤੇ ਬੰਗਾਲ ਵਿੱਚ ਮਾਤਮ ਪੈ ਗਿਆ। ਵੱਸਦੇ ਘਰ ਉੱਜੜ ਗਏ। ਅੰਗ੍ਰੇਜ਼ ਜਾਂਦਾ-ਜਾਂਦਾ ਪੰਜਾਬ ਤੇ ਬੰਗਾਲ ਨੂੰ ਵੰਡ ਗਿਆ। ਪੰਜਾਬ ਤੇ ਬੰਗਾਲ ਹੀ ਸਭ ਤੋਂ ਵੱਧ ਆਜ਼ਾਦੀ ਦੀ ਲੜਾਈ ਵਿੱਚ ਸਰਗਰਮ ਸਨ ਤੇ ਕੁਰਬਾਨੀਆਂ ਵੀ ਸਭ ਤੋਂ ਵੱਧ। ਪੰਜਾਬ ਦਾ ਰਕਬਾ ਘੱਟ ਗਿਆ ਤੇ ਵੱਡਾ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ। ਸਾਡੇ ਸ਼ਹੀਦ ਜਿਸ ਆਪਸੀ ਭਾਈਚਾਰਕ ਫੁੱਟ ਪੈਣ ਤੋਂ ਡਰਦੇ ਸੀ, ਉਹ ਗੱਲ ਆਖਿਰ ਹੋ ਹੀ ਗਈ। ਕਿਸੇ ਨੇ ਮਹਾਤਮਾ ਗਾਂਧੀ ਜੀ ਦੀ ਪ੍ਰਾਰਥਨਾ ਸਭਾ ਵਿੱਚ ਉਨ੍ਹਾਂ ਨੂੰ ਉਨ੍ਹਾਂ ਦਾ ਹੀ ਕਥਨ ਯਾਦ ਕਰਵਾਇਆ “ਮਾਤ ਭੂਮੀ ਦੇ ਟੁੱਕੜੇ ਕਰਨ ਤੋਂ ਪਹਿਲਾਂ ਮੇਰੇ ਟੁਕੜੇ ਕਰ ਸੁੱਟੋ।” ਹੁਣ ਇਹ ਵੰਡ ਕਿਸ ਤਰ੍ਹਾਂ ਹੋ ਗਈ ਤਾਂ ਮਹਾਤਮਾ ਗਾਂਧੀ ਜੀ ਨੇ ਆਪਣੇ ਜਵਾਬ ਵਿੱਚ ਬੇਬਸੀ ਦਰਸਾਈ।


ਹਿੰਦ-ਪਾਕਿ ਦੀਆਂ ਸਰਹੱਦਾਂ 'ਤੇ ਹੈਵਾਨੀਅਤ ਦਾ ਨੰਗਾ ਨਾਚ ਹਰ ਪੰਜਾਬੀ ਨੇ ਵੇਖ ਲਿਆ ਸੀ। ਜਿਸ ਦ੍ਰਿਸ਼ ਨੂੰ ਪੰਜਾਬੀ ਦੀ ਮਸ਼ਹੂਰ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਸ਼ਬਦ ਦਿੱਤੇ-

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਭਰੀ ਚਨਾਬ।

ਆਜ਼ਾਦੀ ਦੇ ਆਉਣ ਨਾਲ ਅਤੇ ਦੁੱਖ ਸਹਿ ਕੇ ਵੀ ਲੋਕਾਂ ਦੀ ਹੋਣੀ ਨਾ ਬਦਲੀ, ਜੋ ਸੁਪਨਾ ਸ਼ਹੀਦਾਂ ਦਾ ਇਸ ਦੇਸ਼ ਪ੍ਰਤੀ ਸੀ, ਉਹ ਪੂਰਾ ਨਹੀਂ ਹੋਇਆ। ਅੱਜ ਸੱਤ ਦਹਾਕੇ ਲੰਘ ਜਾਣ 'ਤੇ ਵੀ ਸਾਡੇ ਦੇਸ਼ ਵਿੱਚ ਲੱਖਾਂ ਲੋਕਾਂ ਕੋਲ ਖਾਣ ਲਈ ਦੋ ਵਕਤ ਦੀ ਰੋਟੀ ਨਹੀਂ। ਦਵਾਈ, ਸਿੱਖਿਆ, ਸੁਰੱਖਿਆ ਅਤੇ ਹੋਰ ਸਹੂਲਤਾਂ ਦੀ ਤਾਂ ਮਨੁੱਖ ਇਸ ਦੇਸ਼ ਵਿੱਚ ਕੀ ਆਸ ਰੱਖ ਸਕਦਾ ਹੈ। ਅੱਜ ਜਦੋਂ ਸਾਰਾ ਵਿਸ਼ਵ ਕੋਰੋਨਾ ਮਹਾਂਮਾਰੀ ਕਾਰਨ ਪੀੜਤ ਹੈ, ਉਸ ਸਮੇਂ ਸਾਡੇ ਦੇਸ਼ ਵਿੱਚ ਕੋਰੋਨਾ ਨਾਲੋਂ ਵੱਧ ਲੋਕ ਮਾੜੀਆਂ ਸਿਹਤ ਸਹੂਲਤਾਂ ਕਾਰਨ ਮਰ ਰਹੇ ਹਨ। ਸਿੱਖਿਆ ਦੀ ਤੇ ਗੱਲ ਹੀ ਨਾ ਕਰੋ, ਪਿਛਲੇ ਮਹੀਨੇ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਹੈ, ਜੋ ਅਜੇ ਕਈ ਵਿਵਾਦਾਂ ਵਿੱਚ ਹੈ, ਪਰ ਇਹ ਲਾਗੂ ਕਿੱਥੇ ਕਰਨੀ ਹੈ। ਉਨ੍ਹਾਂ ਸਕੂਲਾਂ ਵਿੱਚ ਜਿੱਥੇ ਨਾ ਮਾਸਟਰ ਹਨ ਤੇ ਨਾ ਚੰਗੀਆਂ ਬਿਲਡਿੰਗਾਂ। ਜੇ ਆਜ਼ਾਦ ਭਾਰਤ ਵਿੱਚ ਸੁਰੱਖਿਆ ਦੀ ਗੱਲ ਕਰ ਲਈਏ ਤਾਂ ਮਾੜੀਆਂ ਸੜਕਾਂ ਕਾਰਨ ਹੋਣ ਵਾਲੇ ਹਾਦਸਿਆਂ ਤੋਂ ਲੈ ਕੇ ਗੈਂਗਸਟਰਾਂ ਦੁਆਰਾ ਮਾਰੇ ਗਏ ਲੋਕਾਂ ਦੇ ਡਾਟੇ ਸਾਰੀ ਦੁਨੀਆਂ ਦੇ ਸਾਹਮਣੇ ਹਨ। ਕੋਰੋਨਾ ਸੰਕਟ ਵਿੱਚ ਲੱਖਾਂ ਮਜ਼ਦੂਰ ਜਦੋਂ ਆਪਣੇ ਘਰਾਂ ਨੂੰ ਆਉਣ ਲਈ ਸੈਂਕੜੇ ਮੀਲ ਪੈਦਲ ਚੱਲ ਰਹੇ ਸਨ, ਉਹ ਤਸਵੀਰਾਂ ਸਭ ਨੇ ਵੇਖੀਆਂ ਨੇ। ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਅੱਖੋਂ ਓਹਲੇ ਨਹੀਂ ਕਰ ਸਕਦੇ। ਆਉਣ ਵਾਲੀ ਪੀੜ੍ਹੀ ਲਈ ਵਧੀਆ ਭਵਿੱਖ-ਨਿਰਮਾਣ ਵਾਸਤੇ ਸਾਨੂੰ ਦੇਸ਼ ਦੇ ਮਾੜੇ ਸਿਸਟਮ ਨੂੰ ਬਦਲਣਾ ਪਵੇਗਾ। ਓਨਾ ਸਮਾਂ ਇਹ ਆਜ਼ਾਦੀ ਅਧੂਰੀ ਰਹੇਗੀ।

-ਗੁਰਲਾਲ ਸਿੰਘ

## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਅਸੀ ਅਨੰਦ ਹਾ ਸਰਬਤ ਸੰਗਤਿ ਕੀ ਸੁਖ ਅਨੰਦ ਸਿਰੀ ਗੁਰੂ ਸਾਹਿਬ ਪਾਸੋ ਹਮੇਸਾ ਮੰਗਦੇ ਗਾ। ਹੋਰ ਸਾਨੂ ਕੋਈ ਦੁਖ ਨਹੀ ਇਕ ਸੰਗਤਿ ਦੇ ਬਿਛੋੜੇ ਦਾ ਦੁਖ ਹੈ, ਸੰਗਤਿ ਨੂ ਬੀ। ਸੋ ਜੀ ਸਾਰੇ ਗੁਰੂ ਜੀ ਅਗੇ ਬੇਨਤੀ ਕਰੋ ਤਾ ਏਹ ਦੁਖ ਕਟਿਆ ਜਾਊਗਾ। ਗੁਰੂ ਦਾ ਬਿਰਦੁ ਪਤਿਤ ਪਾਵਨ ਹੈ।

## ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

7 ਜੁਲਾਈ 2020 — **(ਫੁੱਟਬਾਲ ਅਕੈਡਮੀ ਬਾਰੇ)** — ਸ੍ਰੀ ਭੈਣੀ ਸਾਹਿਬ



ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ, ਉਨ੍ਹਾਂ ਦੀ ਦਿੱਤੀ ਹੋਈ ਸਿੱਖਿਆ ਮੁਤਾਬਿਕ ਫੁੱਟਬਾਲ ਦੀ ਅਕੈਡਮੀ ਸ਼ੁਰੂ ਕੀਤੀ ਹੈ। ਇੱਥੇ ਬੱਚੇ ਖੇਡਦੇ ਹਨ, ਸਭ ਤੋਂ ਵੱਡੀ ਗੱਲ ਇਹ ਬੱਚੇ ਸਿੱਖੀ ਵਿੱਚ ਰਹਿੰਦੇ ਹਨ ਤੇ ਅੰਮ੍ਰਿਤ ਵੇਲੇ ਉੱਠਦੇ ਹਨ, ਨਾਮ ਸਿਮਰਨ ਕਰਦੇ ਹਨ। ਅਸੀਂ ਇਹ ਅਰਦਾਸ ਕਰਦੇ ਹਾਂ ਕਿ ਇਹ ਚੰਗੇ ਇਨਸਾਨ ਬਣਨ, ਚੰਗੇ ਸਿੱਖ ਬਣਨ, ਚੰਗੇ ਪਲੇਅਰ ਵੀ ਬਣਨ। ਕਰੀਬ 100 ਤੋਂ ਜ਼ਿਆਦਾ ਬੱਚੇ ਇੱਥੇ ਖੇਡਣ ਆਉਂਦੇ ਹਨ। ਇਨ੍ਹਾਂ ਲਈ ਇੱਕ ਇਹ ਵੀ ਚੰਗੀ ਗੱਲ ਹੈ ਕਿ ਜਿਹੜੇ ਬੱਚੇ ਖੇਡਾਂ ਵਾਲੇ ਪਾਸੇ ਲੱਗ ਜਾਂਦੇ ਹਨ, ਉਹ ਨਸ਼ੇ ਆਦਿ ਤੋਂ ਵੀ ਬਚ ਜਾਂਦੇ ਹਨ। ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਬੱਚੇ ਖੇਡਣ ਵਿੱਚ ਤਰੱਕੀ ਕਰਨ। ਆਸ ਹੈ ਕਿ ਅਸੀਂ ਇਹ ਟੀਮ ਵਰਲਡ ਸਟੈਂਡਰਡ ਦੀ ਬਣਾ ਸਕੀਏ ਨਾਲੇ ਇਨ੍ਹਾਂ ਨੂੰ ਚੰਗੇ ਸਿੱਖ ਵੀ ਬਣਾ ਸਕੀਏ।

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

(ਪਿਛਲੇ ਅੰਕ ਤੋਂ ਅੱਗੇ)

### ਸ. ਸੰਤ ਸਿੰਘ-ਬਿਅੰਤ ਕੌਰ ਦੀ ਕੋਠੀ ਨੂੰ ਭਾਗ -

ਸਭ ਨੂੰ ਨਿਵਾਜ਼ ਇੱਕ ਵਾਰ ਸਤਿਗੁਰੂ ਜੀ ਉਪਰ ਗਏ ਅਤੇ ਫੇਰ ਕਾਰਾਂ ਦਾ ਇੱਕ ਕਾਫਲਾ ਜਿਸਦੀ ਪਹਿਲੀ ਕਾਰ ਤੇ ਸ੍ਰੀ ਸਤਿਗੁਰੂ ਜੀ ਸਵਾਰ ਸਨ, ਤੁਰ ਗਿਆ, ਤਾਂ ਪਤਾ ਲੱਗਾ ਕਿ ਅੱਜ ਸ. ਸੰਤ ਸਿੰਘ ਅਤੇ ਬੀਬੀ ਬਿਅੰਤ ਕੌਰ ਜੀ ਦੀ ਕੋਠੀ, ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵੱਲ ਨੂੰ ਸਤਿਗੁਰੂ ਜੀ ਪਧਾਰੇ ਹਨ, ਸਕੂਲ ਦੇ ਨਵੇਂ ਹੋਏ ਵਾਧੇ ਨੂੰ ਨਿਹਾਰਨ ਅਤੇ ਉਪਰੋਕਤ ਜੋੜੀ ਦੀ ਨਵੀਂ ਕੋਠੀ ਵਿਖੇ ਚਰਨ ਪਾਉਣ।

### ਇਸ ਵਾਰ ਨਾਲ ਆਏ -

ਸ੍ਰੀ ਸਤਿਗੁਰੂ ਜੀ ਦੇ ਜਥੇ ਦੇ ਪੰਜੇ ਹਜ਼ੂਰੀ ਸੇਵਕ, ਛੇ ਅੰਗ ਰੱਖਿਅਕ ਮੁਖੀ ਸ. ਗੁਰਦੇਵ ਸਿੰਘ ਮਦਾਰ, ਸਵਿੰਦਰ ਸਿੰਘ ਬੋਘਲ, ਪੂਰਨ ਸਿੰਘ, ਗੁਰਦੇਵ ਸਿੰਘ, ਬੂਟਾ ਸਿੰਘ, ਗੁਰਚਰਨ ਸਿੰਘ, ਸੁਖਦੇਵ ਸਿੰਘ (ਪਹਿਲੇ ਤੋਂ ਬਿਨਾਂ ਸਭ ਸੰਤ ਨਗਰ (ਸਰਸਾ) ਦੇ)। ਸੰਤ ਅਵਤਾਰ ਸਿੰਘ ਘੁੰਮਣ ਅੰਮ੍ਰਿਤਸਰ ਕਲਾਂ, ਸ. ਸੁਖਦੇਵ ਸਿੰਘ ਸੰਧੂ ਸੰਤ ਨਗਰ ਅਤੇ ਇਹਨਾਂ ਦੀਆਂ ਸੁਪਤਨੀਆਂ।

### ਰਮੇਸ਼ ਨਗਰ ਧਰਮਸਾਲਾ ਦੀਵਾਨ -

ਦਰਸ਼ਨ ਅਭਿਲਾਸ਼ੀ ਸੰਗਤ ਨੂੰ ਸ੍ਰੀ ਸਤਿਗੁਰੂ ਜੀ ਦੇ 5 ਵਜੇ ਜਾ ਦਰਸ਼ਨ ਹੋਏ। ਉਸ ਵੇਲੇ ਨਾਮ ਸਿਮਰਨ ਦੀ ਅਰਦਾਸ ਹੋ ਚੁੱਕੀ ਸੀ। ਮਿੰਟਾਂ ਵਿੱਚ ਹੀ ਧਰਮਸਾਲਾ ਦਾ ਹਾਲ ਸੰਗਤ ਨਾਲ ਭਰਪੂਰ ਹੋ ਗਿਆ। ਦੂਰ ਨੇੜੇ ਦੀ ਸੰਗਤ ਹੁੰਮ-ਹੁੰਮਾ ਕੇ ਆਈ। ਅੱਜ ਦੀ ਹਾਜ਼ਰੀ, ਗਿਣਤੀ ਦੇ ਤੋਲ ਆਧਾਰ ਤੇ 2000 ਦੇ ਕ੍ਰੀਬ ਹੈ। ਨਾਮ ਸਿਮਰਨ ਕਰਦਿਆਂ ਸਤਿਗੁਰੂ ਜੀ ਦੇ ਖਿੜੇ ਮਸਤਕ ਦੇ ਦੀਦਾਰੇ ਕਰਕੇ ਮਨ ਨੂੰ ਸ਼ਾਂਤੀ ਆਉਂਦੀ ਹੈ। ਮੱਥਾ ਟੇਕਣ ਵਾਲਿਆਂ ਦੀਆਂ ਕਤਾਰਾਂ ਦੋ ਘੰਟੇ ਲਈ ਜਾਰੀ ਰਹੀਆਂ। ਦੀਵਾਨ ਦਾ ਪ੍ਰਬੰਧਕ ਨਾਮਧਾਰੀ ਵਿਦਿਅਕ ਜਥੇ ਦੇ ਜਵਾਨ ਸ. ਭੁਪਿੰਦਰ ਸਿੰਘ ਭੁਰਜੀ ਦੀ ਸਕੱਤਰੀ ਹੇਠ ਹੈ।

### ਬਾਬਾ ਸੰਤ ਸਿੰਘ ਵਿਰਦੀ -

ਸਾਧ ਸੰਗਤ ਵਿੱਚੋਂ ਇੱਕ ਬਿਰਧ ਬਾਬੇ ਸੰਤ ਸਿੰਘ ਵਿਰਦੀ ਕਰੋਲ ਬਾਗ ਨੇ ਜਦੋਂ ਮੱਥਾ ਟੇਕਿਆ ਤਾਂ ਪ੍ਰਸੰਨ ਮੁਦ੍ਰਾ ਵਿੱਚ ਸਤਿਗੁਰੂ ਜੀ ਨੇ ਨਿਜੀ ਸੇਵਕ ਤੋਂ ਇਲਾਇਚੀਆਂ ਲੈ ਆਪਣੇ ਹਸਤ ਕਮਲਾਂ ਨਾਲ ਉਸ ਨੂੰ ਪ੍ਰਸ਼ਾਦ ਦਿੱਤਾ।

### ਵਿਸ਼ੇਸ਼ ਵਿਅਕਤੀ ਜੁ ਦੂਰੋਂ ਆਏ -

ਸ. ਹਰਭਜਨ ਸਿੰਘ ਠੇਕੇਦਾਰ ਔਰੰਗਾਬਾਦ, ਜਿਨ੍ਹਾਂ ਨੇ ਇਸ ਸਾਲ ਪ੍ਰਯੋਗ ਮੇਲਾ ਸ੍ਰੀ ਭੈਣੀ ਸਾਹਿਬ ਦਾ ਖਰਚ ਕਰਨਾ ਹੈ, ਸੰਤ ਦਲੀਪ ਸਿੰਘ ਸੰਪਾਦਕ ਨਿਰੀਖਿਅਕ ਅਤੇ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ, ਲੁਧਿਆਣੇ ਤੋਂ ਸੰਤ ਗੁਰਚਰਨ ਸਿੰਘ ਬਸੀ ਪਠਾਣਾਂ ਤੋਂ ਸੇਠ ਪਿਆਰਾ ਸਿੰਘ ਅਸ਼ੋਕਾ ਬਿਸਕੁਟ ਹੈਦਰਾਬਾਦ ਤੋਂ, ਇਨ੍ਹਾਂ ਦੇ ਵੱਡੇ ਭਾਈ ਸੰਤ ਲਾਭ ਸਿੰਘ ਵੀ ਹੈਦਰਾਬਾਦ ਤੋਂ। 100 ਦੀ ਆਯੂ ਨੂੰ ਢੁਕਣ ਵਾਲੇ ਸੂਬਾ ਗੰਡਾ ਸਿੰਘ ਜੀ ਦਿੱਲੀ, ਸ. ਸੁਰਿੰਦਰ ਸਿੰਘ ਮਸਤਾਨਾ ਗ੍ਰੰਥੀ ਸ੍ਰੀ ਗੁਰੂ ਸਿੰਘ ਸਭਾ ਸ਼ਾਦੀਪੁਰ, ਸ. ਸੰਤ ਸਿੰਘ ਮੈਨੇਜਰ ਹੈਵੀ ਇਲੈਕਟ੍ਰੀਕਲਜ਼ ਲਿਮਟਿਡ, ਸੇਠ ਹਰਮਹਿੰਦਰ ਸਿੰਘ ਚਾਵਲਾ ਸਮੇਤ ਪਤਨੀ ਬੀਬੀ ਬਲਬੀਰ ਕੌਰ ਬੈਂਕੋਕ ਤੋਂ, ਚੰਡੀਗੜ੍ਹ ਤੋਂ ਸ. ਹਰਭਜਨ ਸਿੰਘ, ਕਾਨ੍ਹਪੁਰ ਤੋਂ ਸ. ਜੁਗਿੰਦਰ ਸਿੰਘ ਬਾਕੀ ਦਿੱਲੀ ਦੀ ਸੰਗਤ ਤਾਂ ਦੂਰ ਨੇੜੇ ਦੀਆਂ ਸਾਰੀਆਂ ਕਲੋਨੀਆਂ ਦੀ ਪ੍ਰਤੀਨਿਧਤਾ ਕਰਦੀ ਸੀ।

ਇੱਕ ਬੀਬੀ ਨੇ ਆ ਕੇ ਮੱਥਾ ਟੇਕਿਆ ਤੇ ਫੁੱਟ ਫੁੱਟ ਰੋ ਪਈ। ਉਹ ਬੈਠਣ ਜਾਣ ਤੱਕ ਅੱਖਾਂ ਨਾ ਪੂੰਝ ਸਕੀ।

ਗੱਲ ਕੀ ਅੱਜ ਦੇ ਦੀਵਾਨ ਦਾ ਪ੍ਰਭਾਵ ਇੰਜ ਸੀ ਜਿਵੇਂ ਕੋਈ ਵਿਸ਼ੇਸ਼ ਮੇਲਾ ਹੋਵੇ।

ਪੂਰਬਾ ਦੀ ਅਰਦਾਸ ਦੁਆਰਾ 6 ਵਜੇ ਨਾਮ ਸਿਮਰਨ ਸਮਾਪਤੀ ਦੀ ਅਰਦਾਸ ਹੋ ਗਈ।

ਕੀਰਤਨਕਾਰ ਆਏ। ਸੰਤ ਖਜ਼ਾਨ ਸਿੰਘ, ਸੰਤ ਹਰਬੰਸ ਸਿੰਘ ਘੁੱਲਾ, ਉਸਤਾਦ ਹਰਭਜਨ ਸਿੰਘ, ਸੁਖਦੇਵ ਸਿੰਘ ਭੈਣੀ ਸਾਹਿਬ।

## ਸਤਿਗੁਰੂ ਬਚਨ –

ਕੀਰਤਨ ਅਰੰਭ ਕਰਨ ਤੋਂ ਪਹਿਲੋਂ ਹੀ ਸ੍ਰੀ ਸਤਿਗੁਰੂ ਜੀ ਨੇ ਸੰਗਤ ਪ੍ਰਤੀ ਸੰਬੋਧਨ ਕੀਤਾ। ਤੱਤ ਇਹ ਹੈ : ਦੀਵਾਨ ਵਿੱਚ ਬੈਠੇ ਸਿੰਘ ਸਿੰਘਣੀਆਂ ਦੀ ਆਵਾਜ਼ ਹੌਲੀ–ਹੌਲੀ ਬੋਲਦਿਆਂ ਵੀ ਤਕੜਾ ਜ਼ੋਰ ਹੋ ਨਿਬੜਦੀ ਹੈ। ਇਸ ਲਈ ਸਾਧ ਸੰਗਤ ਵਿਚ ਆਓ, ਜ਼ਬਾਨਬੰਦੀ ਦਾ ਨੇਮ ਅਪਨਾਓ। ਜਿਵੇਂ ਇੱਕ ਇੱਕ ਤੀਲਾ ਮਿਲਕੇ ਬੁਹਾਰੀ ਬਣ ਜਾਂਦੀ ਹੈ, ਤਿਵੇਂ ਹੀ ਥੋੜ੍ਹਾ ਥੋੜ੍ਹਾ ਬੋਲਿਆਂ ਵੀ ਰੌਲਾ ਬਣ ਜਾਂਦਾ ਹੈ।

ਮੈਨੂੰ ਖੁਸ਼ੀ ਹੋਈ ਹੈ ਕਿ ਸਾਧ ਸੰਗਤ ਹੁੰਮ–ਹੁੰਮਾ ਕੇ ਆਈ ਹੈ। ਪਰ ਸਾਰਿਆਂ ਨੂੰ ਸਾਧ ਸੰਗਤ ਵਾਲੇ ਲੱਛਣ ਅਪਨਾਉਣੇ ਚਾਹੀਦੇ ਹਨ। ਸਾਧ ਸੰਗਤ ਵਿੱਚ ਆਉਣ ਦਾ ਇੱਕ ਨੇਮ ਤਾਂ ਚੁੱਪ ਰਹਿਣਾ ਤੇ ਧਿਆਨ ਨਾਲ ਸੁਣਨਾ ਹੈ। ਦੂਜਾ ਹੈ ਜੋੜੇ ਵਾਲੇ ਚਰਨ ਧੋ ਕੇ ਬੈਠਣਾ। ਸਾਧ ਸੰਗਤ ਵਿੱਚ ਜੋੜੇ ਵਾਲੇ ਪੈਰਾਂ ਨਾਲ ਆਉਣਾ ਨਾ ਤਾਂ ਸੋਭਾ ਦਿੰਦਾ ਹੈ ਤੇ ਨਾ ਹੀ ਇਹ ਪਵਿੱਤਰ ਹੁੰਦਾ ਹੈ। ਸੁਹੇਵੇ ਸਾਹਿਬ ਵਾਲੇ ਪਾਸੇ ਦੇ ਲੋਕ ਕਿਹਾ ਕਰਦੇ ਹਨ ਕਿ ਜੇ ਜੋੜੇ ਵਾਲੇ ਚਰਨ ਧੋ ਕੇ ਬਿਸਤਰੇ ਤੇ ਜਾਈਏ ਤਾਂ ਸੱਪ ਨਹੀਂ ਡੰਗਦਾ। ਅਰਥਾਤ ਸੱਪ ਉਸ ਬਿਸਤਰੇ ਤੇ ਨਹੀਂ ਚੜ੍ਹਦਾ ਜਿਹੜਾ ਅਜਿਹੀ ਪਵਿਤਰਤਾ ਕਾਇਮ ਰੱਖਦਾ ਹੋਵੇ। ਸਾਡੇ ਪਾਸ ਆਦਿ ਅਤੇ ਦਸਮ ਗ੍ਰੰਥ ਦੀ ਬਾਣੀ ਇੱਕੋ ਜਿਹੀ ਮਹਾਨ ਅਤੇ ਸਤਿਕਾਰਨ ਅਤੇ ਪੜ੍ਹਨ ਯੋਗ ਹੈ। ਹਰ ਮਹੀਨੇ ਇੱਕ ਪਾਠ ਆਦਿ ਜਾਂ ਦਸਮ ਦਾ ਪਾਠ ਘਰ ਪ੍ਰਤੀ ਕਰਨਾ ਅੱਜ ਦੇ ਭਿਆਨਕ ਸਮੇਂ ਵਿੱਚ ਸਹਾਇਤਾ ਕਰਦਾ ਹੈ। ਇੱਕ ਘੰਟਾ ਨਾਮ ਸਿਮਰਨ ਸਾਰੇ ਹੀ ਰੋਜ਼ਾਨਾ ਜ਼ਰੂਰ ਕਰਿਆ ਕਰੋ।

ਸਾਧ ਸੰਗਤ ਨੂੰ ਬੇਨਤੀ ਹੈ ਕਿ ਉਹ ਇੱਕ ਦੂਜੇ ਨੂੰ ਆਪਣੇ ਧਰਮ ਬਾਰੇ ਜ਼ਰੂਰ ਪੁੱਛਦੇ ਪੁਛਾਂਦੇ ਰਿਹਾ ਕਰੋ। ਜਿਵੇਂ ਅਰਦਾਸ ਕਦੋਂ ਸ਼ੁਰੂ ਹੋਈ? ਵਰਤਮਾਨ ਅਰਦਾਸ ਨੂੰ ਕਿਸ ਨੇ ਬਣਾਇਆ? ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਰਾਮ ਸਿੰਘ ਜੀ ਨੂੰ ਅਕਾਲ ਤਖਤ ਤੇ ਨਹੀਂ ਸੀ ਜਾਣ ਦਿੱਤਾ ਗਿਆ। ਕਿਉਂ? ਕਿਉਂਕਿ ਪੁਜਾਰੀ ਸਮਝਦੇ ਸਨ ਗੁਰਬਾਣੀ ਤਾਂ ਸਾਡੇ ਪਾਸ ਹੈ ਗ੍ਰੰਥ ਸਾਹਿਬ, ਇਸ ਲਈ ਸਾਨੂੰ ਗੁਰੂ ਦੀ ਕੀ ਲੋੜ ਹੈ। ਪਰ ਜਦੋਂ ਗੁਰੂ ਤੇਗ ਬਹਾਦੁਰ ਜੀ ਨੇ ਮਾਮਾ ਕਿਰਪਾਲ ਆਦਿ ਵਲੋਂ ਦਾਅਵੇਦਾਰਾਂ ਤੋਂ ਖੋਹ ਲਿਆਂਦੀ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਸਤਿਲੁਜ ਦੇ ਹਵਾਲੇ ਕੀਤਾ ਤਾਂ ਉਹ ਗੁਰੂ ਤੇਗ ਬਹਾਦਰ ਜੀ, ਉਸ ਵੇਲੇ ਦੇ ਸਤਿਗੁਰੂ ਜੀ ਦਾ, ਨਾਂ ਲਏ ਬਿਨਾਂ ਕੀਤੀ ਅਰਦਾਸ ਕਾਰਗਾਰ ਸਿੱਧ ਨਾ ਹੋਈ। ਉਸ ਵੇਲੇ ਦੇ ਸਤਿਗੁਰੂ, ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈ ਕੇ ਕੀਤੀ ਅਰਦਾਸ ਹੀ ਗੁਰਬਾਣੀ ਬੋਹਿਥ ਨੂੰ ਕੱਢਣ ਵਿੱਚ ਸਹਾਇਕ ਹੋਈ। ਇਸ ਤੁਕ ਦੀ ਸਾਨੂੰ ਪੂਰਨ ਰੂਪ ਵਿੱਚ ਸਮਝ ਆਉਣੀ ਚਾਹੀਦੀ ਹੈ ਕਿ 'ਬੇਦ ਬਡਾ ਕਿ ਜਹਾਂ ਤੇ ਆਇਆ' ਰਚਨਾ ਤੋਂ ਵੱਡਾ ਤਾਂ ਰਚਨਕਾਰ ਹੀ ਹੋ ਸਕਦਾ ਹੈ।

ਹੁਣ ਕੀਰਤਨ ਹੋਵੇਗਾ। ਸਾਡੇ ਹਿਰਦੇ ਵਿੱਚ ਸਤਿਗੁਰਾਂ ਦਾ ਨਿਵਾਸ, ਧਿਆਨ ਵਿੱਚ ਸਤਿਗੁਰੂ ਦੀ ਮੂਰਤ, ਰਸਨਾ ਤੋਂ ਚੌਅੱਖਰਾ ਜਾਪ ਉਹ ਵੀ ਸ਼ੁੱਧ ਉਚਾਰਨ ਕਰਕੇ ਅਤੇ ਕੰਨਾਂ ਦੁਆਰਾ ਕੀਰਤਨ ਸੁਣਨਾ ਚਾਹੀਦਾ ਹੈ। ਇਹੋ ਗੱਲਾਂ ਹੀ ਸਾਧ ਸੰਗਤ ਬਣਾਉਂਦੀਆਂ ਹਨ। ਹੁਣ ਕੀਰਤਨ ਦਾ ਆਨੰਦ ਲਓ।

ਕੀਰਤਨ ਵਿੱਚ ਦੋ ਸ਼ਬਦ ਇੱਕੋ ਰਾਗ ਵਿੱਚ ਗਾਏ ਗਏ–

–ਮੈ ਅੰਧੁਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ॥

–ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਲ ਵਿਟਹੁ ਕੁਰਬਾਣੋ॥

ਐਸਾ ਸ਼ਬਦ ਦਾ ਰਸ ਬਣਿਆ ਕਿ ਕਿਸੇ ਹੋਲੇ ਮੇਲੇ ਵਿੱਚ ਬੈਠੇ ਲੱਗਦੇ ਸਾਂ।

## ਦੁਖਿਆਰੀ ਇਸਤਰੀ –

7.10 ਤੇ ਕੀਰਤਨ ਦੀ ਸਮਾਪਤੀ ਪੂਰਬਾ ਦੁਆਰਾ ਅਰਦਾਸ ਨਾਲ ਹੋਈ। ਕਿਸੇ ਨੇ ਉਸ ਦੁਖਿਆਰੀ ਇਸਤਰੀ ਨੂੰ ਲਿਆ ਕੇ ਹਾਜ਼ਰ ਕੀਤਾ, ਜੁ ਨਾਮ ਸਿਮਰਨ ਸਮੇਂ ਗੁਰੂ ਕੇ ਦਰਸ਼ਨ ਕਰਕੇ ਹੀ ਭੁੱਬੀਂ ਰੋ ਪਈ ਸੀ।

## ਵਿਦਿਆਕ ਜਥੇ ਦੇ ਸਕੱਤਰ ਨੇ ਸਾਰਾ ਮਾਮਲਾ ਸਮਝਕੇ ਸਤਿਗੁਰੂ ਜੀ ਨੂੰ ਅਰਜ਼ ਕੀਤੀ :

ਇਸ ਬੀਬੀ ਦਾ ਨਾਮ ਸੰਤੋਸ਼ ਕੌਰ ਹੈ। ਇਸਦਾ ਪਤੀ ਸੰਤ ਦਲੀਪ ਸਿੰਘ ਪੂਰੇ ਹੋ ਚੁੱਕੇ ਹਨ। ਇਹ ਪੁਰਾਣੇ ਨਾਮਧਾਰੀਆਂ ਸ੍ਰੀ ਸੰਤ ਰਾਮ ਤੇ ਮਾਤਾ ਮਖਣੀ ਦੇਵੀ ਦੀ

ਧੀ ਹੈ। ਪਿੱਛੇ ਇਹ ਖਾਨਦਾਨ ਪਿੰਡ ਮੁਰਾਦ ਪਿਸ਼ਾਵਰ ਦੇ ਇਲਾਕੇ ਵਿੱਚ ਰਹਿੰਦਾ ਸੀ। ਅੱਜ ਕੱਲ 20/293 ਜਨਕਪੁਰੀ, ਨੇੜੇ ਮੁਕਰਜੀ ਨਗਰ ਲੁਧਿਆਣੇ ਵਿਖੇ ਰਹਿੰਦਾ ਹੈ। ਮਾਤਾ ਪਿਤਾ ਗੁਜ਼ਰ ਚੁੱਕੇ ਹਨ। ਪਤੀ ਭੀ ਚਲਾਣਾ ਕਰ ਗਿਆ ਹੈ। ਭਰਾ ਸੋਹਣ ਲਾਲ ਦੇ ਘਰੋਂ ਭਰਜਾਈ ਬੜਾ ਤੰਗ ਕਰਦੀ ਹੈ। ਜਿਊਣਾ ਦੁਭਰ ਕੀਤਾ ਹੋਇਆ ਹੈ। ਬੀਬੀ ਦੀ ਵੇਦਨਾ ਨੂੰ ਸੁਣ ਸਮਝ, ਜ਼ਾਰੋ-ਜ਼ਾਰ ਰੋਂਦੀ ਨੂੰ ਸ੍ਰੀ ਸਤਿਗੁਰੂ ਜੀ ਧੀਰਜ ਦਿੱਤਾ। ਰੋ ਨਾ! ਹੌਸਲਾ ਕਰ! ਤਕੜੀ ਹੋ! ਮੈਂ ਤੇਰੀ ਜ਼ਿਮੇਵਾਰੀ ਲੈਂਦਾ ਹਾਂ। ਲੁਧਿਆਣੇ ਦੀ ਸੰਗਤ ਤੇਰੀ ਮਦਦ ਵਿੱਚ ਹੋਵੇਗੀ।

ਸੰਭਵ ਹੈ ਸੰਤ ਦਲੀਪ ਸਿੰਘ (ਪ੍ਰਧਾਨ ਵਿਦਿਅਕ ਜਥੇ) ਨੂੰ ਇਸ ਕੇਸ ਬਾਰੇ ਜ਼ਿਮੇਵਾਰੀ ਦੇ ਦਿੱਤੀ ਹੋਵੇ।

ਸਾਧ ਸੰਗਤ ਉੱਠਣ ਲੱਗੀ ਤਾਂ ਬੇਨਤੀ ਕਰਕੇ ਹੋਰ ਪੰਦਰਾਂ ਮਿੰਟਾਂ ਲਈ ਬਹਾ ਲਿਆ ਗਿਆ।

## ਸਿਖਰ ਦੀ ਬੇਅਦਬੀ -

ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਉੱਚੀ ਭੁਜਾ ਕਰਕੇ ਇੱਕ ਲਿਫਾਫਾ ਵਖਾਇਆ, ਜੋ ਕਿਸੇ ਨੇ ਰੱਦੀ ਵਿੱਚ ਵਿਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਵਰਕੇ ਦਾ ਬਣਾਇਆ ਸੀ। ਇਹੋ ਲਿਫ਼ਾਫਾ ਹਿੰਦੂ ਸਿੱਖ ਵਿਰੋਧਤਾ ਚਮਕਾਣ ਵਾਸਤੇ ਵਰਤਿਆ ਜਾ ਸਕਦਾ ਸੀ ਪਰ ਸ੍ਰੀ ਸਤਿਗੁਰੂ ਜੀ ਨੇ ਇਸਨੂੰ ਇਸ ਢੰਗ ਨਾਲ ਪੇਸ਼ ਕੀਤਾ ਕਿ ਜੇ ਇਹ ਵਰਕਾ ਸਤਿਕਾਰ ਸਹਿਤ ਸਸਕਾਰਿਆ ਜਾਂਦਾ ਤਾਂ ਇਹ ਬੇਅਦਬ ਘਟਨਾ ਕਿਉਂ ਹੁੰਦੀ? ਲਿਫ਼ਾਫ਼ੇ ਬਣਾਣ ਵਾਲੇ ਸਾਡੀਆਂ ਇਸ ਨਾਲ ਜੁੜੀਆਂ ਭਾਵਨਾਵਾਂ ਨੂੰ ਨਹੀਂ ਸਮਝਦੇ। ਉਹ ਤਾਂ ਰੱਦੀ ਵਿੱਚ ਮਿਲੀ ਹਰ ਚੀਜ਼ ਦੀ ਵਰਤੋਂ ਕਰਦੇ ਹਨ। ਇਹ ਕਸੂਰ ਸਾਡਾ ਹੈ, ਜਿਹੜੇ ਗੁਰਮੁਖੀ ਅੱਖਰਾਂ ਦਾ ਸਤਿਕਾਰ ਨਹੀਂ ਕਰਦੇ। ਗੁਰੂ ਬਾਣੀ ਦਾ ਆਦਰ ਨਹੀਂ ਕਰਦੇ। ਨਹੀਂ ਤਾਂ ਇਹ ਵਰਕੇ ਅਗਨੀ ਦਾਹ ਤੋਂ ਬਿਨਾਂ ਬਚਦੇ ਹੀ ਕਿਉਂ? ਜੇ ਇਹ ਪੁਰਾਣੇ ਸਨ ਜਾਂ ਇਹ ਪ੍ਰੈਸ ਵਾਲਿਆਂ ਅਥਵਾ ਜਿਲਦਾਂ ਬੰਨ੍ਹਣ ਵਾਲਿਆਂ ਤੋਂ ਵਾਧੂ ਸਨ।

ਸ੍ਰੀ ਸਤਿਗੁਰੂ ਜੀ ਨੇ ਬੰਬਈ ਦੇ ਸਮੁੰਦਰ ਕੰਢੇ ਦੀ ਵੀ ਇੱਕ ਐਸੀ ਘਟਨਾ ਸੁਣਾਈ, ਜਿੱਥੇ ਕਿਸੇ ਗ੍ਰੰਥੀ ਵਲੋਂ ਪੁਰਾਣੀ ਬੀੜ ਨੂੰ ਸਮੁੰਦਰ ਵਿੱਚ ਲਿਆਕੇ ਸੁੱਟਿਆ ਗਿਆ ਸੀ ਤੇ ਫੇਰ ਕੋਈ ਨੌਜਵਾਨ ਦੋਬਾਰਾ ਲੱਭ ਕੇ ਲੈ ਕੇ ਆਇਆ ਅਤੇ ਉਸ ਨੇ ਮੁਲ ਵੱਟ ਲਿਆ। ਜਿਦ੍ਹੇ ਕੋਲੋਂ ਬੰਬਈ ਦੇ ਨਾਮਧਾਰੀ ਸਿੱਖ ਪੁਰਾਣੀ ਬੀੜ ਖਰੀਦ ਲਿਆਏ ਤੇ ਅਦਬ ਸਤਿਕਾਰ ਨਾਲ ਸਸਕਾਰਿਆ।

ਸਤਿਗੁਰੂ ਜੀ ਨੇ ਬਚਨ ਕੀਤਾ : ਅਜ ਜਦੋਂ ਸਭ ਪਾਸੇ ਫਿਰਕੂ ਗਰਮੀ ਦਾ ਪਸਾਰ ਹੈ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਹੋਰ ਤੂਫਾਨ ਪੈਦਾ ਕਰ ਸਕਦੀਆਂ ਹਨ। ਅਸਾਂ ਇਸ ਪਾਸੇ ਨਹੀਂ ਜਾਣਾ। ਮਰਨ ਮਰਾਨ ਦਾ ਕੋਈ ਅੰਤ ਨਹੀਂ, ਜਿੰਨਾ ਮਰਜ਼ੀ ਹੈ ਇਸ ਨੂੰ ਵਧਾ ਲਓ। ਚੰਗੀ ਗੱਲ ਸੁੱਖ, ਸ਼ਾਂਤੀ, ਪਿਆਰ ਦੀ ਹੈ, ਜੋ ਜਰਾਂਦ ਅਤੇ ਖਿਮਾ ਵਿੱਚੋਂ ਉਪਜਦਾ ਹੈ।

ਅੰਤ ਉੱਤੇ ਸਤਿਗੁਰੂ ਜੀ ਬਚਨ ਕੀਤਾ : ਅਜੇਹੇ ਲਿਫ਼ਾਫ਼ੇ, ਅਜਿਹੇ ਵਰਕੇ ਜਿੱਥੋਂ ਵੀ ਮਿਲਣ ਪੈਸੇ ਦੇ ਕੇ ਲੈ ਆਓ ਅਤੇ ਹੰਸਪਾਲ ਜੀ ਦੇ ਹਵਾਲੇ ਕਰ ਦਿਓ। ਅਸੀਂ ਆਪ ਗੁਰਬਾਣੀ ਦਾ ਅਦਬ ਕਰਨਾ ਹੈ ਅਤੇ ਅਨਜਾਣ ਪੁਣੇ 'ਚ ਅਜੇਹੀ ਗਲਤੀ ਕਰਨ ਵਾਲਿਆਂ ਨੂੰ ਪ੍ਰੇਮ ਨਾਲ ਸਮਝਾ ਕੇ ਉਨ੍ਹਾਂ ਨੂੰ ਅੱਗੇ ਤੋਂ ਅਜੇਹੀ ਗਲਤੀ ਕਰਨੋਂ ਰੋਕਣਾ ਹੈ।

ਅਸੀਂ ਸਵਾ ਸਵਾ ਲੱਖ ਪਾਠ ਕਾਹਦੇ ਵਾਸਤੇ ਕੀਤੇ ਸਨ? ਗੁਰਬਾਣੀ ਦਾ ਅਦਬ ਪਰਚਲਤ ਕਰਨ ਲਈ। ਗੁਰਬਾਣੀ ਨੂੰ ਹਿਰਦੇ ਵਿੱਚ ਵਸਾਣ ਤੇ ਸੁਖ ਸ਼ਾਂਤੀ ਪੈਦਾ ਕਰਨ ਲਈ। ਗੁਰਬਾਣੀ ਨੂੰ ਝਗੜਿਆਂ ਦਾ ਕਾਰਨ ਬਨਾਣ ਲਈ ਨਹੀਂ। ਆਓ ਸਾਰੇ ਬਾਣੀ ਦਾ ਸਤਿਕਾਰ ਆਪ ਕਰੀਏ ਅਤੇ ਦੂਜਿਆਂ ਤੋਂ ਕਰਵਾਈਏ।

ਆਪੇ ਲਾਇਓ ਅਪੁਨਾ ਪਿਆਰੁ॥
ਨਾਨਕ ਤਿਸ ਕਉ ਸਦਾ ਨਮਸਕਾਰੁ॥

## ਭਾਈ ਸਵਿੰਦਰ ਸਿੰਘ ਮਸਤਾਨਾ -

ਅੱਜ ਦੇ ਦੀਵਾਨ ਵਿੱਚ ਇੱਕ 30-35 ਸਾਲਾਂ ਦਾ ਜੁਆਨ ਆਪਣਾ ਆਕਰਸ਼ਣ ਰੱਖਦਾ ਸੀ। 'ਖੁੱਲ੍ਹਾ ਲੰਮਾ' ਤਾਰ ਤਾਰ ਕਾਲਾ ਦਾੜ੍ਹਾ, ਗੋਰਾ ਰੰਗ, ਟੇਢੀ ਸਫੈਦ ਪਗੜੀ ਫਿਫਟੀ ਨਾਲ, ਉਜਲੇ ਚਿੱਟੇ ਕੱਪੜੇ ਪਹਿਰਾਵੇ ਦੇ। ਉਹ ਦੀਵਾਨ ਵਿੱਚ ਆਰੰਭ ਤੋਂ ਹੀ ਆ ਕੇ ਬੈਠਾ ਹੋਇਆ ਸੀ। ਉਸਨੇ ਸਤਿਗੁਰੂ ਜੀ ਨੂੰ ਇੱਕ ਰੁੱਕਾ ਮੱਥਾ ਟੇਕਿਆ। ਨਾਮ ਸਿਮਰਨ ਉਪਰੰਤ ਉਸਨੇ ਕੀਰਤਨ ਨੂੰ ਸੰਗੀਤ ਸਮਝ ਨਾਲ ਸੁਣਿਆ। ਰਾਗੀ ਸਿੰਘਾਂ ਅਤੇ ਸਤਿਗੁਰੂ ਜੀ ਦਾ ਕੀਰਤਨ ਦਾ ਆਦਾਨ ਪ੍ਰਦਾਨ, ਲੈਅ-ਕਾਰੀ ਤੇ ਸ਼ਾਸਤ੍ਰੀਅਤਾ ਨਾਲ ਸੰਗੀਤ ਗਾਇਨ।

ਮੇਰੇ ਕੰਨ ਵਿੱਚ ਸੰਤ ਜੋਗਾ ਸਿੰਘ ਸ਼ਾਦੀਪੁਰ ਨੇ

ਆ ਕੇ ਦੱਸਿਆ ਕਿ ਇਹ ਗੁਰਦੁਆਰਾ ਸਿੰਘ ਸਭਾ ਦਾ ਗ੍ਰੰਥੀ ਹੈ। ਪਰ ਇਹ ਨਾਮਧਾਰੀਆਂ ਦਾ ਮੁਫ਼ਤ ਵਿੱਚ ਹੀ ਪਰਚਾਰਕ ਹੈ। ਸਤਿਗੁਰੂ ਸ਼ਬਦ ਦੀ ਵਰਤੋਂ ਕਰਕੇ ਸਾਡੇ ਗੁਰੂਆਂ ਨੂੰ ਸਤਿਕਾਰਦਾ ਅਤੇ ਨਾਮਧਾਰੀ ਰਹਿਤ ਮਰਿਆਦਾ ਨੂੰ ਪਿਆਰਦਾ ਹੈ। ਦੂਜਿਆਂ ਨੂੰ ਦੱਸਦਾ ਹੈ ਨਾਮਧਾਰੀ ਅਸਲੀ ਗੁਰਸਿੱਖੀ ਨੂੰ ਸੰਭਾਲੀ ਬੈਠੇ ਹਨ, ਉਹਨਾਂ ਤੋਂ ਵਿਆਹ ਸ਼ਾਦੀਆਂ ਦੀ ਸਾਦਗੀ ਹੀ ਅਪਨਾ ਲਓ।

ਇਸ ਸੱਜਣ ਨੇ ਦੀਵਾਨ ਵਿੱਚ ਚੰਦ ਸ਼ਬਦ ਕਹਿਣ ਤੇ ਇੱਕ ਕਵਾਲੀ ਕਹਿਣ ਦਾ ਸਮਾਂ ਮੰਗਿਆ ਸੀ। ਦੂਜੀ ਅਰਦਾਸ ਉਪ੍ਰੰਤ ਇਸ ਸਿੰਘ ਨੂੰ ਸਮਾਂ ਮਿਲਿਆ। ਕਵੀ ਪ੍ਰੀਤਮ ਸਿੰਘ ਨੇ ਇਹ ਕਹਿ ਕੇ ਉਸਨੂੰ ਸੰਬੋਧਨ ਸਮਾਂ ਦਿੱਤਾ ਕਿ ਮਸਤਾਨਿਆਂ ਦੇ ਪੰਥ ਵਿੱਚ ਸਵਿੰਦਰ ਸਿੰਘ ਮਸਤਾਨਾ ਆਏ ਹਨ। ਇਹਨਾਂ ਦੀ ਸਾਤਵਿਕ ਬਿਰਤੀ ਹੀ ਇਹਨਾਂ ਨੂੰ ਏਥੇ ਲਿਆਈ ਹੈ।

ਮਸਤਾਨਾ ਜੀ ਨੇ ਸਤਿਗੁਰੂ ਜੀ ਦੇ ਸਤਿਕਾਰ ਲਈ ਸਾਰੀ ਸੰਗਤ ਤੋਂ ਆਪਣੇ ਵਾਲੀਆਂ ਸੁਰਾਂ ਵਿੱਚ ਗਵਾਇਆ–

'ਸਭ ਆਖੋ ਧੰਨੁ ਧੰਨੁ ਧੰਨੁ ਗੁਰ ਸੋਈ।'

ਅਤੇ ਗੁਰੂ ਕੇ ਪਿਆਰ ਨੂੰ ਹੀ ਏਥੇ ਲੈ ਆਉਣ ਦਾ ਕਾਰਨ ਦੱਸ ਕੇ ਇਕ ਛੋਟੀ ਜਿਹੀ ਸਾਖੀ ਸੁਣਾ ਕੇ ਉਸ ਦੱਸਿਆ। ਸਤਿਗੁਰੂ ਦੇ ਪਾਸ ਬੈਠਣ ਦੀ ਅਤੇ ਉਹਨਾਂ ਦੀ ਸੰਗਤ ਵਿੱਚ ਦੋ ਘੜੀਆਂ ਬਿਤਾਣ ਦੀ ਤਮੰਨਾ ਸੀ, ਜੁ ਸਤਿਗੁਰੂ ਜੀ ਨੇ ਆਪ ਹੀ ਪੂਰੀ ਕਰ ਦਿੱਤੀ। ਉਨ੍ਹਾਂ ਦੱਸਿਆ : ਕੂਕਾ ਮੂਵਮੈਂਟ ਅੰਗਰੇਜ਼ੀ ਵਿੱਚ ਪੜ੍ਹੀ ਸੀ, ਜਿਸ ਤੋਂ ਪਤਾ ਲੱਗਾ ਕਿ ਸਤਿਗੁਰੂ ਗੋਬਿੰਦ ਸਿੰਘ ਦਸਮੇਸ਼ ਪਿਤਾ ਤੋਂ ਬਾਅਦ ਸਤਿਗੁਰੂ ਬਾਬਾ ਬਾਲਕ ਸਿੰਘ ਹੋਏ। ਫੇਰ ਸਤਿਗੁਰੂ ਰਾਮ ਸਿੰਘ ਜੀ, ਫੇਰ ਸਤਿਗੁਰੂ ਹਰੀ ਸਿੰਘ ਜੀ ਅਤੇ ਇਨ੍ਹਾਂ ਤੋਂ ਪਿੱਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੁਣ ਗੱਦੀ ਨਸ਼ੀਨ ਹਨ ਵਰਤਮਾਨ ਸਤਿਗੁਰੂ ਜੀ। ਦਰਸ਼ਨ ਕਰਕੇ ਜਨਮ ਸਫਲਾ ਹੋਇਆ ਹੈ।

ਅਤੇ ਫਿਰ 8 ਕੁ ਲਾਈਨਾਂ ਦੀ ਇੱਕ ਕਵਾਲੀ ਗੰਵੀਂ, ਜਿਸਦਾ ਇਸ ਤਰ੍ਹਾਂ ਮਿਸ਼ਰਾ ਸੀ–

'ਤੇਰੇ ਦਰ ਬਾਰ੍ਹਵੇਂ ਸਤਿਗੁਰ ਭਿਖਾਰੀ ਬਣ ਕੇ ਆਇਆ ਹਾਂ।'

7.30 ਵਜੇ ਦੀਵਾਨ ਦੀ ਪੂਰੀ ਤਰ੍ਹਾਂ ਸਮਾਪਤੀ ਹੋ ਗਈ।

## 10 ਸਤੰਬਰ 1986, ਬੁੱਧਵਾਰ
## ਨਵੀਂ ਦਿੱਲੀ

### ਅਨੰਦ ਮੇਲਾ –

ਸਤਿਗੁਰੂ ਜੀ ਦੇ ਚਿਰ ਪਿੱਛੋਂ ਦਰਸ਼ਨਾਂ ਨੇ, ਹਜ਼ੂਰੀ ਵਿੱਚ ਵਿਆਹ ਕਰਨ ਦੇ ਖਾਹਸ਼ਮੰਦ ਮਾਪਿਆਂ ਨੂੰ ਸੁਨਹਿਰੀ ਅਵਸਰ ਪਰਦਾਨ ਕਰ ਦਿੱਤਾ। ਅੱਜ ਦਾ ਆਸਾ ਦੀ ਵਾਰ ਦਾ ਆਯੋਜਨ ਏਸੇ ਕਾਰਨ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿੱਚ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਾਵਨ ਪਵਿੱਤਰ ਦਰਸ਼ਨ ਬਖਸ਼ ਕੇ ਦਿੱਲੀ ਦੀ ਸੰਗਤ ਨੂੰ ਕਿਰਤਾਰਥ ਕੀਤਾ। ਰਾਗੀਆਂ ਦੁਆਰਾ ਗਾਈ ਗਈ ਵਾਰ ਤੋਂ ਪਿੱਛੋਂ 6.30 ਤੱਕ 5 ਅਨੰਦ ਕਾਰਜ ਵੀ ਹੋ ਗਏ। ਅੱਜ ਦੇ ਜੋੜਿਆਂ ਵਿੱਚੋਂ ਮੇਰੇ ਮਿੱਤਰ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਸਦਰ ਬਾਜ਼ਾਰ ਵਾਲਿਆਂ ਦੇ ਛੋਟੇ ਲੜਕੇ ਗੁਰਦੇਵ ਸਿੰਘ ਦਾ ਜੋੜ ਵੀ ਵਾਚਿਆ ਤੇ ਗੁਰੂ ਕੀ ਹਜ਼ੂਰੀ ਵਿੱਚ ਵਿਵਾਹਤ ਹੋਣ ਦਾ ਸੁਭਾਗੀ ਹੋਇਆ। ਮੈਂ ਅੱਜ ਦੀਵਾਨ ਵਿੱਚ ਨਹੀਂ ਗਿਆ। ਮੇਰੇ ਪਰਵਾਰ ਦੇ ਬਾਕੀ ਮੈਂਬਰਾਂ ਨੇ ਇਸ ਸਮੇਂ ਤੋਂ ਲਾਭ ਪ੍ਰਾਪਤ ਕੀਤਾ। ਹਾਜ਼ਰੀ ਅੱਜ ਵੀ ਬਹੁਤ ਸੀ।

### ਸ. ਕਰਤਾਰ ਸਿੰਘ ਪੱਥਰਾਂ ਵਾਲੇ –

ਮੈਂ 8.45 ਵਜੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਸ੍ਰੀ ਹਰੀ ਪ੍ਰਤਾਪ ਨਿਵਾਸ, ਪੂਸਾ ਰੋਡ ਕੋਠੀ ਵਿਖੇ ਗਿਆ। ਏਥੇ ਸੰਤ ਧਿਆਨ ਸਿੰਘ ਪੱਥਰਾਂ (ਲਾਹੌਰ) ਵਾਲੇ ਦੇ ਵੱਡੇ ਸਪੁੱਤਰ ਸਰਦਾਰ ਕਰਤਾਰ ਸਿੰਘ (85) ਆਪਣੇ ਦਾਮਾਦ ਸ. ਦਲਜੀਤ ਸਿੰਘ (61) ਸਪੁੱਤਰ ਸ. ਮਹਾਂ ਸਿੰਘ ਸ਼ਿਮਲਾ ਵਾਲਿਆਂ ਨਾਲ ਆਏ ਹੋਏ ਸਨ। ਮੈਨੂੰ ਗੁਰੂ ਕੇ ਸਕੱਤਰ ਨੇ ਦੱਸਿਆ ਕਿ ਸਰਦਾਰ ਜੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਭੈਣੀ ਸਾਹਿਬ ਪਹੁੰਚ ਕੇ ਕੁਛ ਰਕਮ ਭੇਟਾ ਕਰਨਾ ਚਾਹੁੰਦੇ ਸਨ ਪਰ ਸਤਿਗੁਰੂ ਜੀ ਨੇ ਬਿਰਧ ਸਰੀਰ ਨੂੰ ਸਫਰ ਦੀ ਤਕਲੀਫ ਨਾ ਦੇਣ ਲਈ ਰੋਕ ਦਿੱਤਾ। ਬਚਨ ਕੀਤਾ : ਮੈਂ ਦਿੱਲੀ ਆਵਾਂਗਾ ਤਦ ਮਿਲਾਂਗਾ ਤੁਸੀਂ ਉਨ੍ਹਾਂ ਕੋਲ ਬੈਠੋ, ਦਰਸ਼ਨ ਵੀ ਹੋ ਜਾਣਗੇ, ਬਚਨ ਵੀ।

### ਗੁਰੂ ਹਰੀ ਸਿੰਘ ਜੀ ਦੇ ਦਰਸ਼ਨ –

ਸ. ਕਰਤਾਰ ਸਿੰਘ ਅਤੇ ਮੇਰੀ ਪਛਾਣ

ਚਿਰੋਕਣੀ ਹੈ, 1935-36 ਦੇ ਪਰਸਪਰ ਜਾਣੂੰ ਹਾਂ। ਮਿਲਦਿਆਂ ਹੀ ਸੁਖ ਸਾਂਦ ਪੁੱਛੀ ਦੱਸੀ। ਸ. ਦਲਜੀਤ ਸਿੰਘ ਦਿੱਲੀ ਵਿੱਚ ਸ. ਕਰਤਾਰ ਸਿੰਘ ਹੁਰਾਂ ਦੇ ਪਾਸ ਹੀ ਰਹਿੰਦੇ ਹਨ ਅਤੇ ਰੀਟਾਇਡ ਲਾਈਫ ਐਂਜੁਆਇ ਕਰ ਰਹੇ ਹਨ। ਸ. ਮਹਾਂ ਸਿੰਘ ਇਹਨਾਂ ਦੇ ਪਿਤਾ ਜੀ ਪੁਰਾਣੇ ਨਾਮਧਾਰੀ ਹਨ ਅਤੇ ਸ਼ਿਮਲੇ ਵਿੱਚ ਬਹੁਤ ਸਮਾਂ ਇਹਨਾਂ ਦਾ ਘਰ ਨਾਮਧਾਰੀਆਂ ਦਾ ਠਾਹਰ ਰਿਹਾ। ਅੱਜ ਇਹਨਾਂ ਦੇ ਵੱਡੇ ਭਾਈ ਸ. ਚਰਨਜੀਤ ਸਿੰਘ ਬਾਰੇ ਜਾਣ ਕੇ ਬੜੀ ਖੁਸ਼ੀ ਹੋਈ ਕਿ ਉਹ ਵੀ ਦਿੱਲੀ ਵਿਖੇ 60, ਹੇਮਕੁੰਟ (ਕਾਲੋਨੀ) ਵਿੱਚ ਰਹਿੰਦੇ ਹਨ।

ਪਰਸਪਰ ਅਜਿਹੀ ਗੱਲਬਾਤ ਚੱਲੀ ਹੀ ਸੀ ਕਿ ਸ. ਕਰਤਾਰ ਸਿੰਘ ਜੀ ਦੂਰ ਬੀਤੇ ਵਿੱਚ ਚਲੇ ਗਏ। ਉਹਨਾਂ ਦੱਸਿਆ : ਗੁਰੂ ਹਰੀ ਸਿੰਘ ਜੀ ਪਹਿਲਾਂ ਪਹਿਲ ਲਾਹੌਰ ਵਿਖੇ ਸ. ਭਗਤ ਸਿੰਘ ਵੇਲਣੇ ਵਾਲਿਆਂ ਦੇ ਜਾਇਆ ਕਰਦੇ ਸਨ। ਭਗਤ ਸਿੰਘ ਜੀ ਦਾ ਅਨਾਰਕਲੀ ਵਿੱਚ ਘਰ ਸੀ ਅਤੇ ਰੂੰ ਵੇਲਣ ਦੇ ਇੱਕ ਤਕੜੇ ਕਾਰਖਾਨੇ ਦੇ ਮਾਲਕ ਸਨ। ਸ੍ਰੀ ਸਤਿਗੁਰੂ ਜੀ ਨਾਲ ਜਿੰਨੀ ਵੀ ਸੰਗਤ ਜਾਂਦੀ ਸ. ਭਗਤ ਸਿੰਘ ਦੇ ਘਰ ਹੀ ਨਿਵਾਸ ਰੱਖਦੀ ਅਤੇ ਲੰਗਰ ਛਕਦੀ।

ਸਾਡੇ ਪਿਤਾ ਸ. ਧਿਆਨ ਸਿੰਘ ਅਤੇ ਸਾਡੇ ਦਾਦਾ ਸ. ਬੂਟਾ ਸਿੰਘ, ਗੁਰੂ ਰਾਮ ਸਿੰਘ ਦੇ ਸਮੇਂ ਦੇ ਨਾਮਧਾਰੀ ਸਨ ਪਰ ਅਜੇ ਪਦਾਰਥ ਵਲੋਂ ਏਨੀ ਬਹੁਤਤਾ ਨਹੀਂ ਸੀ ਕਿ ਘਰੀਂ ਡੇਰੇ ਲੁਆ ਸਕਦੇ, ਲੰਗਰ ਛਕਾ ਸਕਦੇ ਪਰ ਇਹ ਰੀਝ ਬੜੀ ਕਿ ਸਾਡੇ ਵੀ ਭਾਗ ਜਾਗਣ ਤਾਂ ਅਸੀਂ ਗੁਰੂ ਕੇ ਲੰਗਰ, ਸਾਧ ਸੰਗਤ ਦੇ ਲੰਗਰ ਅਤੇ ਦਰਸ਼ਨ ਆਪਣੇ ਘਰ ਕਰ ਸਕੀਏ। ਜਦੋਂ ਵੀ ਸੱਚੇ ਪਾਤਸ਼ਾਹ ਜੀ ਨੇ ਲਾਹੌਰ ਆਉਣਾ, ਓਨਾ ਸਮਾਂ ਸ. ਭਗਤ ਸਿੰਘ ਦੇ ਘਰ ਜਾ ਕੇ ਦਰਸ਼ਨ ਕਰਨੇ।

ਜਦ ਸ. ਭਗਤ ਸਿੰਘ ਪਰਵਾਰ ਦਾ ਇੱਕ ਵੱਡਾ ਲੜਕਾ ਵਿਆਹਿਆ ਗਿਆ। ਸ. ਜੀ ਆਪ ਭਾਵੇਂ ਮਧਰੇ ਕੱਦ ਦੇ ਸਨ ਪਰ ਪੈਸੇ ਪ੍ਰਤਿਭਾ ਤੇ ਪ੍ਰਭਤਾ ਵਲੋਂ ਬੜੇ ਉੱਚੇ ਸਨ। ਸ਼ੌਕੀਨ ਅਤੇ ਸਫੈਦਪੋਸ਼ੀ ਪ੍ਰਭਾਵ। ਨੂੰਹ ਘਰ ਆਉਣ ਤੋਂ ਪਿੱਛੋਂ ਜਦੋਂ ਕਿਤੇ ਗੁਰੂ ਹਰੀ ਸਿੰਘ ਜੀ ਦਾ ਇਹਨਾਂ ਦੇ ਘਰ ਉਤਾਰਾ ਹੋਇਆ ਤਾਂ ਬਸਤਰ ਧੋਣ ਵਾਲਾ ਸਿੰਘ, ਸੋਧ ਦੇ ਕੱਪੜੇ ਸੁਕਾਣ ਲਈ ਦੂਜੀ ਛੱਤੇ ਗਿਆ। ਉਸ ਨੂੰ ਵੇਖ ਸ. ਭਗਤ ਸਿੰਘ ਦੇ ਘਰੋਂ ਬੋਲੀ : ਸੰਤ ਜੀ ਪਹਿਲਾਂ ਤਾਂ ਅਸੀਂ ਛੜੇ ਮਲੰਗ ਸੀ, ਹੁਣ ਅਸੀਂ ਨੂੰਹਾਂ ਧੀਆਂ ਵਾਲੇ ਹੋ ਗਏ ਹਾਂ, ਹੁਣ ਉਪਰਲੀ ਛੱਤੇ ਨਾ ਆਇਆ ਕਰੋ।

ਗੁਰੂ ਕੇ ਸੇਵਕ ਨੇ ਬੇਨਤੀ ਕੀਤੀ : ਮਾਤਾ ਜੀ, ਇਹ ਸਤਿਗੁਰੂ ਜੀ ਦੇ ਬਸਤਰ ਹਨ, ਕਿਸੇ ਦੇ ਨਾਲ ਲੱਗਣ ਤੋਂ ਬਚਾਣ ਲਈ ਹੀ ਉਪਰਲੀ ਡੋਰੀ ਦੀ ਵਰਤੋਂ ਕਰਨ ਆਇਆ ਹਾਂ। ਆਮ ਸਿੱਖਾਂ ਦੇ ਬਸਤਰ ਨਹੀਂ। ਬੀਬੀ ਜ਼ਰਾ ਤੈਸ਼ ਵਿੱਚ ਆ ਗਈ : ਇੱਕ ਵਾਰ ਜੂ ਆਖਿਆ ਹੈ, ਹੁਣ ਸਾਡੇ ਕੋਠੇ ਤੇ ਨਾ ਚੜ੍ਹਨਾ, ਬਾਹਲੀਆਂ ਗੱਲਾਂ ਦਾ ਕੀ ਫਾਯਦਾ! ਸਿੰਘ ਨੇ ਸਤਿਗੁਰੂ ਜੀ ਤੱਕ ਬਦਲੇ ਹੋਏ ਤੌਰ ਦੀ ਹੋਈ ਬੀਤੀ ਸੁਣਾ ਦਿੱਤੀ। ਸੱਚੇ ਪਾਤਸ਼ਾਹ ਜੀ ਨੇ ਪਿਤਾ ਨੂੰ ਸੁਨੇਹਾ ਭੇਜ ਦਿੱਤਾ : ਧਿਆਨ ਸਿੰਘ ਨੂੰ ਕਹੋ ਲੰਗਰ ਉਸ ਵੱਲ ਹੈ, ਤਿਆਰੀ ਕਰਵਾਏ। ਘਰ ਵਾਲਿਆਂ ਨੂੰ ਬਚਨ ਹੋਇਆ : ਜਿੱਥੇ ਸਾਡਾ ਸਿੱਖ ਨਹੀਂ ਜਾ ਸਕਦਾ ਓਥੇ ਸਾਡਾ ਕੀ ਕੰਮ। ਅੱਜ ਤੋਂ ਲੰਗਰ ਤੇ ਉਤਾਰੇ ਦੀ ਤੁਹਾਨੂੰ ਖੇਚਲ ਨਹੀਂ ਦੇਵਾਂਗੇ। ਹੋਈ ਖੇਚਲ ਲਈ ਤਕਲੀਫ਼ ਮੁਆਫ਼।

## ਲੰਗਰ ਕਾਹਦੇ ਨਾਲ -

ਮੇਰੇ ਪਿਤਾ ਜੀ ਤੇ ਪਿਤਾ ਦੇ ਪਿਤਾ ਨੂੰ ਚਾਅ ਤਾਂ ਬੜਾ ਚੜ੍ਹਿਆ ਕਿ ਜਿਸ ਲੰਗਰ ਦੀ ਤਮੰਨਾ ਕਰਦੇ ਸਾਂ, ਉਹ ਪ੍ਰਾਪਤ ਹੋ ਗਿਆ ਤੇ ਸੱਚੇ ਪਾਤਸ਼ਾਹ ਆਪ ਹੀ ਬਖਸ਼ਸ਼ ਕਰ ਦਿੱਤੀ ਹੈ, ਪਰ ਲੰਗਰ ਕਰਨਾ ਕਾਹਦੇ ਨਾਲ ਹੈ। ਉਹਨੀਂ ਦਿਨੀਂ ਗੁਰੂ ਕੇ ਲੰਗਰ ਤੇ 500/- ਖਰਚ ਆਉਂਦਾ ਸੀ, ਪਿਤਾ ਜੀ ਪਾਸ ਕੇਵਲ 250/- ਸੀ, ਤਾਂ ਵੀ ਘਰ ਬੁਹਾਰਿਆ ਜਾਣ ਲੱਗਾ, ਲੰਗਰ ਕਿੱਥੇ, ਡੇਰਾ ਕਿੱਥੇ ਵਿਉਂਤਿਆ ਜਾਣ ਲੱਗਾ।

## ਸ. ਕਰਤਾਰ ਸਿੰਘ ਮੈਨੂੰ ਦੱਸਣ ਲੱਗਾ :

ਬੰਦਾ ਤਾਂ ਮੇਰੀ ਮੇਰੀ ਹੀ ਕਰਦਾ ਹੈ ਪਰ ਸਾਰੀ ਮਾਇਆ ਤਾਂ ਸਤਿਗੁਰੂ ਦੀ ਹੈ। ਜਦੋਂ ਉਸ ਨੇ ਜਿਦ੍ਹੇ ਕੋਲੋਂ ਕੰਮ ਲੈਣਾ ਹੁੰਦਾ ਹੈ, ਉਸਨੂੰ ਉਹ ਯੋਗ ਬਣਾ ਦਿੰਦਾ ਹੈ। ਪਦਾਰਥ ਪੈਦਾ ਕਰਨ ਦੇ ਹੀਲੇ ਬਹਾਨੇ ਵੀ ਕੱਠੇ ਹੋ ਜਾਂਦੇ ਹਨ। ਅਜੇ ਮੇਰੇ ਪਿਤਾ ਜੀ ਤੇ ਦਾਦਾ ਜੀ ਦਾ ਚਾਅ ਏਸ ਫਿਕਰ ਵਿੱਚ ਨਹੀਂ ਸੀ ਉਤਰਿਆ ਕਿ ਅੱਧੀ ਰਕਮ ਲੰਗਰ ਲਈ ਕਿੱਥੋਂ ਪਾਉਣੀ ਹੈ ਕਿ ਸਤਿਗੁਰੂ ਜੀ ਨੇ ਆਪਣਾ ਦੂਤ ਘੱਲ ਦਿੱਤਾ ਮਾਇਆ ਦੇ ਕੇ।

(ਚਲਦਾ......)

# A Saga Of
# Sri Satguru Jagjit Singh Ji

Dr. Sharada Jayagovind

One day, Patsha ji offered a toffee to a tiny toddler. Joyfully, the child came running with an outstretched hand. Patsha ji withdrew his hand and hid the toffee behind his back. The child quietly went back to its mother.

After a few seconds, Patsha ji again held the sweet and beckoned the child. The child, with the same smiling face, came running towards Patsha ji, who again withdrew the hand and hid the toffee. The child went back to the mother and sat down quietly.

Patsha ji continued the game. He held the toffee the third time. Again, the child rushed to him with the same sense of joy and spirit. This time, Patsha ji picked up the child with affection and gave the toffee to the happy child.

This episode illustrates the attitude we should adopt in life. Many a time when we face disappointments and failures, we blame others, including God, for our unhappiness and failures and hold grudges against them. But the child who was denied the toffee two times, rushed to Patsha ji with the same sense of joy and expectation every time, till he got the toffee.
Satguru Jagjit Singh ji repeatedly told the Namdhari parents that they have the responsibility of providing spiritual guidance to their children. They should see that children perform naam simran and read the Gurbani. He said Namdhari children may aspire to become doctors, engineers, writers and businessmen but first and foremost they have to become Sikhs. Being a Sikh is a greater achievement than any profession.

When certain people compromised on their Sikh identity to obtain jobs and material gains, Patsha ji used to be pained. He recalled how once a person accompanied him to the Home Ministry and on seeing the minister this person paid obeisance by touching the minister's shoes. Patsha ji said:

"People want to be humble in front of powerful persons with the hope of reaping some benefit in future. We should not sell our dignity for such gains. Instead, we should surrender to saints, Gurus and God without expecting any reward."

Satguru Jagjit Singh ji narrated an incident which took place during the time of his father Satguru Partap Singh ji.

to be continued

# ਸ਼ਹੀਦ ਊਧਮ ਸਿੰਘ ਦੀ ਜੀਵਨ ਯਾਤਰਾ
## (31 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼)

-ਮਲਵਿੰਦਰ ਜੀਤ ਸਿੰਘ ਵੜੈਚ

ਊਧਮ ਸਿੰਘ ਅਨੁਸਾਰ ਉਹ ਪਟਿਆਲਾ ਰਿਆਸਤ ਦੇ ਸੁਨਾਮ ਸ਼ਹਿਰ 'ਚ ਪੈਦਾ ਹੋਇਆ ਸੀ। ਉਹ ਦੱਸਦਾ ਹੈ ਕਿ ਉਸ ਨੇ ਕੋਈ ਤਾਲੀਮ ਹਾਂਸਿਲ ਨਹੀਂ ਸੀ ਕੀਤੀ। ਉਸ ਨੇ ਛੋਟੀ ਉਮਰੇ ਹੀ ਇਲੈਕਟਰੀਸ਼ਨ ਦਾ ਕਿੱਤਾ ਅਪਣਾਇਆ ਅਤੇ ਆਪਣੇ ਭਾਰਤੀ ਦੋਸਤਾਂ-ਮਿੱਤਰਾਂ ਨਾਲ ਹਿੰਦੋਸਤਾਨ ਅੰਦਰ ਵਿਚਰਿਆ। ਉਹ ਪਹਿਲੀ ਵਾਰ ਵਤਨੋਂ ਬਾਹਰ 1918 ਵਿੱਚ ਮੋਬਾਸਾ, ਪੂਰਬੀ ਅਫਰੀਕਾ ਗਿਆ। ਇੱਥੇ ਉਸ ਨੇ ਮੋਟਰ ਮਕੈਨਿਕ ਵਜੋਂ ਨੈਰੋਬੀ ਵਿੱਚ ਇੱਕ ਜਰਮਨ ਕੰਪਨੀ ਵਿੱਚ ਕੰਮ ਕੀਤਾ। ਉਸ ਨੂੰ ਠੀਕ ਤਰ੍ਹਾਂ ਚੇਤਾ ਤਾਂ ਨਹੀਂ, ਪਰ ਇਹ ਡੇਢ ਕੁ ਸਾਲ ਦੇ ਕਰੀਬ ਹੋ ਸਕਦੈ। ਉੱਥੋਂ ਉਸ ਨੂੰ ਗ਼ੈਰ ਹਾਜ਼ਰ ਰਹਿਣ ਕਰਕੇ ਨੌਕਰੀਉਂ ਕੱਢ ਦਿੱਤਾ ਗਿਆ ਸੀ।

ਉਹ ਜੂਨ 1919 ਦੇ ਨੇੜ-ਤੇੜ ਦੇਸ਼ ਪਰਤਿਆ ਅਤੇ ਭਾਰਤ ਵਿੱਚ ਕਈ ਥਾਈਂ ਘੁੰਮਿਆ-ਫਿਰਿਆ। ਇਸ ਦੌਰਾਨ ਉਸ ਨੇ ਅੰਮ੍ਰਿਤਸਰ ਵਿੱਚ ਸਥਿਤ ਆਪਣੇ ਮਕਾਨ ਨੂੰ ਵੇਚ ਕੇ 11,000/- ਰੁਪਏ ਦੀ ਰਕਮ ਵਸੂਲੀ। 1921 'ਚ ਉਹ ਇੰਗਲੈਂਡ ਪਹੁੰਚ ਕੇ ਡੋਵਰ (Dover) ਬੰਦਰਗਾਹ 'ਤੇ ਜਹਾਜ਼ੋਂ ਉੱਤਰਿਆ ਅਤੇ 2-3 ਮਹੀਨਿਆਂ ਪਿੱਛੋਂ ਨਿਊਯਾਰਕ, ਅਮਰੀਕਾ ਲਈ ਚੱਲ ਪਿਆ। ਉਹ ਦੱਸਦੈ ਕਿ ਉਸ ਨੇ ਛੇ ਮਹੀਨੇ ਫੋਰਡ ਕਾਰ ਕੰਪਨੀ 'ਚ ਬਤੌਰ 'ਟੂਲ ਮੇਕਰ' (Tool Maker) ਕੰਮ ਕੀਤਾ ਤੇ ਫਿਰ ਆਪਣੀ ਮਰਜ਼ੀ ਨਾਲ ਹੀ ਉਥੋਂ ਕੈਲੇਫੋਰਨੀਆ ਚਲਾ ਗਿਆ। ਉਥੇ ਉਹ ਦੋ-ਢਾਈ ਸਾਲ ਦੋ-ਤਿੰਨ ਛੋਟੀਆਂ-ਮੋਟੀਆਂ ਮੋਟਰ ਕੰਪਨੀਆਂ 'ਚ ਕੰਮ ਕਰਦਾ ਰਿਹਾ। 1927 'ਚ ਉਹ ਅਮਰੀਕਾ ਤੋਂ ਪੰਜਾਬ ਚਲਾ ਗਿਆ, ਜਿੱਥੇ ਉਹ ਕੁਝ ਕੁ ਹਫ਼ਤੇ ਠਹਿਰਿਆ। ਇਸ ਦੌਰਾਨ ਉਸ ਨੂੰ ਭਾਰਤੀ ਆਰਮਜ਼ ਐਕਟ ਤਹਿਤ ਇੱਕ ਰਿਵਾਲਵਰ, ਅਸਲਾ ਅਤੇ ਬੰਬ ਰੱਖਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ। ਪੰਜ ਸਾਲ ਅੰਮ੍ਰਿਤਸਰ 'ਚ ਸਜ਼ਾ ਭੁਗਤਣ ਪਿੱਛੋਂ ਉਹ 1931 'ਚ ਰਿਹਾਅ ਹੋਇਆ। ਉਹ ਦੱਸਦਾ ਹੈ, ਜੇਲ੍ਹ ਬੰਦੀ ਦੌਰਾਨ ਉਸ ਨੂੰ ਤਿੰਨ ਵਾਰੀ ਅੰਦੋਲਨ/ਹੜਤਾਲ (Agitation) ਕਰਨ ਬਦਲੇ ਕੋੜੇ ਮਾਰੇ ਗਏ। ਇਸ ਦੌਰਾਨ ਉਸ ਨੂੰ ਇੱਕ ਜੇਲ੍ਹ ਤੋਂ ਦੂਸਰੀ 'ਚ ਭੇਜ ਦਿੱਤਾ ਜਾਂਦਾ।

ਰਿਹਾਈ ਪਿੱਛੋਂ ਉਹ ਸਿਹਤਯਾਬੀ ਲਈ ਸ੍ਰੀਨਗਰ, ਕਸ਼ਮੀਰ ਚਲਾ ਗਿਆ, ਕਿਉਂਕਿ ਜੇਲ੍ਹ-ਬੰਦੀ ਦੌਰਾਨ ਉਸ ਦੀ ਸਿਹਤ 'ਚ ਬਹੁਤ ਨਿਘਾਰ ਆ ਗਿਆ ਸੀ। ਉੱਥੇ ਉਹ ਇੱਕ ਸਾਲ ਰਿਹਾ ਤੇ ਅੰਮ੍ਰਿਤਸਰ ਵਾਲੇ ਮਕਾਨ ਨੂੰ ਵੇਚ ਕੇ ਵੱਟੀ ਹੋਈ ਰਕਮ 'ਤੇ ਗੁਜ਼ਾਰਾ ਕੀਤਾ।

1934 ਤੱਕ ਉਹ ਭਾਰਤ 'ਚ ਘੁੰਮਿਆ-ਫਿਰਿਆ ਅਤੇ ਫਿਰ ਇਟਲੀ ਚਲਾ ਗਿਆ। ਉੱਥੇ ਦੋ-ਤਿੰਨ ਮਹੀਨੇ ਰਹਿ ਕੇ ਉਹ ਫ਼ਰਾਂਸ, ਸਵਿਟਜ਼ਰਲੈਂਡ, ਆਸਟ੍ਰੀਆ ਹੁੰਦਾ ਹੋਇਆ 1934 ਦੇ ਅਖੀਰ 'ਚ ਇੰਗਲੈਂਡ ਪਹੁੰਚ ਗਿਆ। ਉੱਥੇ ਉਹ ਤਕਰੀਬਨ ਇੱਕ ਸਾਲ ਰਿਹਾ, ਜਿਸ ਦੌਰਾਨ ਉਸ ਨੇ ਆਪਣੀ ਉੱਪਰ ਦੱਸੀ ਰਕਮ ਦੇ ਸਿਰ 'ਤੇ ਕਾਰ ਖਰੀਦੀ।

1936 'ਚ ਉਹ ਰੂਸ ਗਿਆ, ਜਿੱਥੇ ਉਹ ਲੈਨਿਨਗਰਾਡ ਤੇ ਮਾਸਕੋ ਵਿੱਚ 42 ਦਿਨ ਠਹਿਰਨ ਪਿੱਛੋਂ ਪੋਲੈਂਡ, ਲਾਤਵੀਆ (Latvia) ਅਤੇ ਐਸਟੋਨੀਆ (Estonia) 'ਚ ਤਿੰਨ ਮਹੀਨੇ ਬਿਤਾ ਕੇ 1937 'ਚ ਇੰਗਲੈਂਡ ਵਾਪਸ ਆ ਗਿਆ। ਉਹ ਕਹਿੰਦਾ ਹੈ ਕਿ ਉਹ ਕਰੀਬ ਦੋ ਜਾਂ ਤਿੰਨ ਮਹੀਨੇ ਮੈਨੋਰ ਹਾਊਸ, ਨਾਰਥੋਲਟ ਵਿੱਚ ਰਿਹਾ ਅਤੇ ਇੱਕ ਮਹੀਨੇ ਦੇ ਲਗਭਗ ਡੈਨਹਮ ਸਥਿਤ ਫਿਲਮ ਸਟੂਡੀਊ 'ਚ ਕ੍ਰਾਊਡ ਵਰਕ ਭਾਵ ਐਕਸਟ੍ਰਾ ਦਾ ਕਾਰਜ ਕੀਤਾ। ਫਿਰ ਉਹ ਜਰਮਨੀ ਗਿਆ, ਜਿਥੇ ਬਰਲਿਨ ਤੇ ਕੋਲੋਗਨ 'ਚ ਮਹੀਨਾ ਕੁ ਰਹਿ ਕੇ ਪੋਲੈਂਡ ਚਲਾ ਗਿਆ। ਉਥੋਂ ਦਸਾਂ ਦਿਨਾਂ ਲਈ ਰੂਸ ਚਲਾ ਗਿਆ ਤੇ ਫਿਰ ਲਾਤਵੀਆ (Latvia) ਤੇ ਕਈ ਮਹੀਨੇ ਲਈ ਰਿਗਾ (Riga) ਗਿਆ। ਉੱਥੇ ਰਹਿੰਦਿਆਂ ਉਸ ਕੋਲ ਕੋਈ ਕੰਮ ਨਹੀਂ ਸੀ। 1938 ਨੂੰ ਕ੍ਰਿਸਮਸ ਦੇ ਕਰੀਬ ਉਹ ਇੰਗਲੈਂਡ ਵਾਪਸ ਆ ਗਿਆ। ਪੰਜ ਮਹੀਨੇ ਤੱਕ ਉਸ ਨੇ ਮੈਸਰਜ਼ ਵਿੰਪੇ 'ਚ ਠੇਕੇਦਾਰ ਵਜੋਂ ਬਤੌਰ ਤਰਖਾਣ (carpenter) ਗ੍ਰੇਟ ਚੈਸਿੰਗਟਨ ਗਲਾਉਸਟਰਸ਼ਾਇਰ ਦੇ ਆਰਏਐੱਫ ਸਟੇਸ਼ਨ 'ਚ ਕੰਮ ਕੀਤਾ। ਇਸ ਮਗਰੋਂ ਉਸ ਨੇ ਸਰ ਲਿੰਡੇ ਪਾਰਕਿਨਸਨ ਐਂਡ ਕੰਪਨੀ ਦੇ ਬਾਉਰਨਮਾਉਥ ਨੇੜੇ ਕੈਂਪ 'ਚ ਕੰਮ ਕੀਤਾ। ਉਸ ਨੇ ਬਤੌਰ ਤਰਖਾਣ ਕੋਈ ਦੋ ਕੁ ਮਹੀਨੇ ਨੌਕਰੀ ਕੀਤੀ।

ਅਦਾਲਤੀ ਰਿਕਾਰਡ ਅਨੁਸਾਰ, ''ਸ਼ੇਰ ਸਿੰਘ,

ਊਧਮ ਸਿੰਘ, ਉਧੈ ਸਿੰਘ, ਫਰੈਂਕ ਬਰਾਜ਼ਿਲ ਦੇ ਪਾਸਪੋਰਟ ਦਾ ਨੰਬਰ 52753 ਹੈ, ਜੋ 20 ਮਾਰਚ 1933 ਨੂੰ ਲਾਹੌਰ ਤੋਂ ਊਧਮ ਸਿੰਘ ਦੇ ਨਾਂ 'ਤੇ ਜਾਰੀ ਕੀਤਾ ਗਿਆ ਸੀ। ਇਹ ਤਿੰਨ ਸਾਲ ਦੀ ਉਮਰ 'ਚ ਹੀ ਅਨਾਥ ਹੋ ਗਿਆ ਸੀ। ਇਸ ਦਾ ਪਾਲਣ-ਪੋਸ਼ਣ ਖਾਲਸਾ ਕਾਲਜ ਨਾਲ ਸਬੰਧਿਤ ਸਿੱਖ ਅਨਾਥ ਘਰ ਵਿੱਚ ਹੋਇਆ। ਬਾਅਦ ਵਿੱਚ ਇਹ ਵਾਹਵਾ ਘੁੰਮਿਆ-ਫਿਰਿਆ ਵੀ।

ਊਧਮ ਸਿੰਘ ਬਾਰੇ ਸਪੈਸ਼ਲ ਬ੍ਰਾਂਚ ਦੇ ਇੰਸਪੈਕਟਰ ਵਾਈਟਹੈੱਡ ਵੱਲੋਂ ਵੱਖ-ਵੱਖ ਵਸੀਲਿਆਂ ਤੋਂ ਇਕੱਠੀ ਕੀਤੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

ਊਧਮ ਸਿੰਘ ਨੇ ਬਸਰੇ 'ਚ ਡੇਢ ਸਾਲ ਫ਼ੌਜ ਦੀ ਨੌਕਰੀ ਕੀਤੀ ਤੇ ਪੂਰਬੀ ਅਫਰੀਕਾ 'ਚ ਦੋ ਸਾਲ। ਫਿਰ ਇਹ ਕੁਝ ਮਹੀਨਿਆਂ ਲਈ ਹਿੰਦੋਸਤਾਨ ਮੁੜ ਗਿਆ। ਉੱਥੋਂ ਇਹ ਕਿਸੇ ਪ੍ਰੀਤਮ ਸਿੰਘ ਨਾਲ ਲੰਡਨ ਨੂੰ ਰਵਾਨਾ ਹੋ ਗਿਆ, ਫਿਰ ਇਹ ਦੋਵੇਂ ਹੀ ਮੈਕਸੀਕੋ ਥਾਣੀਂ ਹੁੰਦੇ ਹੋਏ ਅਮਰੀਕਾ ਨੂੰ ਚਲੇ ਗਏ। ਇਸ ਨੇ ਦੋ ਸਾਲ ਕੈਲੇਫੋਰਨੀਆ ਤੇ ਕੁਝ ਮਹੀਨੇ ਡੈਟਰਾਇਟ ਅਤੇ ਸ਼ਿਕਾਗੋ 'ਚ ਕੰਮ ਕੀਤਾ। ਉਥੋਂ ਇਹ ਪੂਰਬੀ ਨਿਊਯਾਰਕ ਚਲਾ ਗਿਆ, ਜਿੱਥੇ ਇਹ ਪੰਜ ਸਾਲ ਰਿਹਾ। ਇਸ ਨੇ ਕਈ ਅਮਰੀਕੀ ਸਮੁੰਦਰੀ ਜਹਾਜ਼ਾਂ ਦੇ ਸਫ਼ਰ ਕੀਤੇ। ਇਹ ਸਫ਼ਰ ਇਸ ਨੇ ਪੋਰਟੋਰਾਈਕਨ (Portorican) ਵਜੋਂ ਕੀਤੇ, ਕਿਉਂਕਿ ਹਿੰਦੀਆਂ ਨੂੰ ਅਮਰੀਕੀ ਜਹਾਜ਼ਾਂ ਵਿੱਚ ਨੌਕਰੀ ਨਹੀਂ ਸੀ ਦਿੱਤੀ ਜਾਂਦੀ। ਇਸ ਕੋਲ ਪੋਰਟੋਰੀਕੋ ਦੇ ਨਾਗਰਿਕ ਫਰੈਂਕ ਬਰਾਜ਼ਿਲ ਦੇ ਨਾਂ ਹੇਠ ਜਹਾਜ਼ਰਾਨੀ ਦਾ ਸਰਟੀਫਿਕੇਟ ਵੀ ਸੀ। ਨਿਊਯਾਰਕ ਤੋਂ ਜਹਾਜ਼ ਰਾਹੀਂ ਇਹ ਫਰਾਂਸ ਆਇਆ ਤੇ ਫਿਰ ਬੈਲਜੀਅਮ, ਜਰਮਨੀ ਹੁੰਦਾ ਹੋਇਆ ਲਿਥੋਏਨੀਆ ਦੇ ਸ਼ਹਿਰ ਵਿਲਨਾ ਪਹੁੰਚ ਗਿਆ। ਫਿਰ ਇਹ ਹੰਗਰੀ, ਪੋਲੈਂਡ, ਸਵਿਟਜ਼ਰਲੈਂਡ, ਇਟਲੀ, ਫਰਾਂਸ ਆਦਿ ਤੋਂ ਹੁੰਦਾ ਹੋਇਆ ਅਮਰੀਕਾ ਵਾਪਿਸ ਚਲਾ ਗਿਆ। ਕੁਝ ਮਹੀਨੇ ਉੱਥੇ ਕੰਮ ਕਰਕੇ ਇਸ ਨੇ ਫਿਰ ਜਹਾਜ਼ ਦੀ ਨੌਕਰੀ ਕਰ ਲਈ ਅਤੇ ਭੂ-ਮੱਧ ਸਾਗਰ ਦੀਆਂ ਕਈ ਬੰਦਰਗਾਹਾਂ 'ਤੇ ਗਿਆ। ਫਿਰ ਸ. ਸ. ਜਲਾਪਾ ਨਾਂ ਦੇ ਜਹਾਜ਼ 'ਤੇ ਤਰਖਾਣ ਵਜੋਂ ਨੌਕਰੀ ਕੀਤੀ। ਇਸੇ ਜਹਾਜ਼ ਰਾਹੀਂ ਇਹ 1927 'ਚ ਕਰਾਚੀ ਪੁੱਜਾ ਤੇ ਇੱਥੋਂ ਇਹ ਕਲਕੱਤਾ ਚਲਾ ਗਿਆ।

ਅਮਰੀਕਾ 'ਚ ਰਹਿੰਦਿਆਂ ਇਹ ਗ਼ਦਰ ਪਾਰਟੀ ਦੇ ਅਸਰ ਹੇਠ ਆ ਗਿਆ ਸੀ। ਇਸ ਨੇ ਗ਼ਦਰ ਪਾਰਟੀ ਦਾ ਬਾਗ਼ੀਆਨਾ ਸਾਹਿਤ ਕਾਫ਼ੀ ਪੜ੍ਹਿਆ। 27 ਜੁਲਾਈ 1927 ਨੂੰ ਇਸ ਕੋਲੋਂ ਇਤਰਾਜ਼ਯੋਗ ਕਾਰਡ ਫੜ੍ਹੇ ਗਏ, ਜਿਸ ਕਾਰਨ ਜ਼ੁਰਮਾਨਾ ਹੋ ਗਿਆ।

30 ਜੁਲਾਈ 1927 ਨੂੰ ਅੰਮ੍ਰਿਤਸਰ 'ਚ ਇਸ ਨੂੰ ਫਿਰ ਬਿਨਾਂ ਇਜਾਜ਼ਤ ਦੇ ਹਥਿਆਰ (ਦੋ ਰਿਵਾਲਵਰ, ਇੱਕ ਪਿਸਤੌਲ ਅਤੇ 'ਗ਼ਦਰ ਦੀ ਗੂੰਜ' ਨਾਮੀ ਪਰਚਾ) ਰੱਖਣ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਅਸਲਾ ਐਕਟ ਦੀ ਧਾਰਾ 20 ਤਹਿਤ ਇਸ ਉੱਤੇ ਮੁਕੱਦਮਾ ਚਲਾਇਆ ਗਿਆ ਤੇ ਪੰਜ ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਹੋਈ। ਇਸ ਨੇ ਬਿਆਨ ਦਿੱਤਾ ਸੀ ਕਿ ਇਹ ਗੋਰਿਆਂ ਨੂੰ ਮਾਰਨਾ ਚਾਹੁੰਦਾ ਸੀ ਤੇ ਬਾਲਸ਼ਵਿਕਾਂ ਦਾ ਹਮਾਇਤੀ ਹੈ। ਮਗਰੋਂ 23 ਅਕਤੂਬਰ 1931 ਨੂੰ ਜੇਲ੍ਹ 'ਚੋਂ ਰਿਹਾਅ ਹੋ ਗਿਆ।

1933 ਨੂੰ ਇਹ ਆਪਣੇ ਪਿੰਡ ਸੁਨਾਮ ਗੇੜਾ ਮਾਰ ਕੇ ਵਲੈਤ ਵੱਲ ਚੱਲ ਪਿਆ। 1934 'ਚ 9, ਐਡਲਰ ਸਟ੍ਰੀਟ, ਕਮੱਰਸ਼ੀਅਲ ਰੋਡ, ਪੂਰਬੀ ਲੰਡਨ ਵਿੱਚ ਰਹਿਣ ਲੱਗ ਪਿਆ।

ਊਧਮ ਸਿੰਘ ਨੇ 5 ਜੁਲਾਈ 1934 ਨੂੰ ਲੰਡਨ 'ਚ ਹੀ ਆਪਣੇ ਲਾਹੌਰ ਤੋਂ ਜਾਰੀ ਹੋਏ ਪਾਸਪੋਰਟ ਨੰਬਰ-52753 'ਤੇ ਮੋਹਰ ਲੁਆਉਣ ਲਈ ਅਰਜ਼ੀ ਦਿੱਤੀ ਸੀ। ਇਸ ਨੇ ਆਪਣਾ ਪਤਾ 4 ਬੈਸਟ ਲੇਨ, ਕੈਂਟਰਬਰੀ ਕੈਂਟ ਦਿੱਤਾ ਸੀ ਤੇ ਕਿਹਾ ਸੀ ਕਿ ਉਹ ਖੇਡਾਂ ਦੇ ਸਾਮਾਨ ਦਾ ਕਾਰੋਬਾਰ ਕਰਦਾ ਹੈ। ਉਸ ਨੇ ਐਲਾਨ ਕੀਤਾ ਕਿ ਉਹ ਮੋਟਰਸਾਈਕਲ ਲੈ ਕੇ ਜਰਮਨੀ, ਬੈਲਜੀਅਮ ਅਤੇ ਪੋਲੈਂਡ ਤੋਂ ਰੂਸ, ਰੂਸ ਤੋਂ ਹੁੰਦਾ ਹੋਇਆ ਓਡੇਸਾ, ਜਿੱਥੋਂ ਉਹ ਕੌਂਨਸਟੈਂਟੀਪੋਲ ਦੇ ਰਸਤੇ ਹਿੰਦੋਸਤਾਨ ਲਈ ਜਹਾਜ਼ ਫੜੇਗਾ। ਇਹ ਭਾਵੇਂ ਅਜੀਬ ਲੱਗੇ, ਪਰ ਥੋੜ੍ਹਾ ਚਿਰ ਪਹਿਲਾਂ ਹੀ ਇਸ ਦੀ ਬਾਂਹ ਟੁੱਟ ਗਈ ਸੀ ਤੇ ਉਸ ਵੇਲੇ ਇਹ ਬਾਗ਼ੀ ਸੁਰ ਦਾ ਹਿੰਦੋਸਤਾਨੀ ਨਹੀਂ ਸੀ ਲੱਗਿਆ, ਇਸ ਕਰਕੇ ਕੋਈ ਇਤਰਾਜ਼ ਨਹੀਂ ਹੋਇਆ।

12 ਮਈ 1936 ਨੂੰ ਇਸ ਨੇ 4, ਡਿਊਕ ਸਟ੍ਰੀਟ, ਸਪਿਟਲਫੀਲਡ, ਪੂਰਬੀ ਲੰਡਨ ਵਾਲੇ ਪਤੇ ਤੋਂ ਹਾਲੈਂਡ, ਜਰਮਨ, ਪੋਲੈਂਡ, ਆਸਟਰੀਆ, ਹੰਗਰੀ ਤੇ ਇਟਲੀ ਨੂੰ ਜਾਣ ਦੀ ਇਜਾਜ਼ਤ ਮੰਗੀ, ਜੋ ਕਿ ਮਨਜ਼ੂਰ ਕਰ ਲਈ ਗਈ।

ਮਗਰੋਂ 16 ਮਈ 1936 ਨੂੰ ਇਸ ਨੇ ਬਰਲਿਨ ਤੋਂ ਹੋਰ ਦੇਸ਼ਾਂ ਨੂੰ ਜਾਣ ਦੀ ਆਗਿਆ ਮੰਗ ਲਈ, ਜਿਸ ਵਿੱਚ ਪੂਰਬੀ ਯੂਰਪ ਅਤੇ ਸੋਵੀਅਤ ਯੂਨੀਅਨ ਵੀ ਸ਼ਾਮਿਲ ਸੀ, ਪਰ ਉਸ ਦੀ ਇਸ ਦਰਖ਼ਾਸਤ ਨੂੰ ਇਸ ਆਧਾਰ 'ਤੇ ਖ਼ਾਰਜ ਕਰ ਦਿੱਤਾ ਗਿਆ ਕਿ ਇਹ ਮਨਜ਼ੂਰੀ ਲੰਡਨ ਤੋਂ ਇਜਾਜ਼ਤ ਲਏ ਬਿਨਾਂ ਨਹੀਂ ਮਿਲ ਸਕਦੀ।

25 ਜੂਨ 1936 ਨੂੰ ਇਹ ਲੈਨਿਨਗ੍ਰਾਡ ਤੋਂ ਪਰਤਿਆ ਤੇ ਕਿਸੇ ਗੋਰੀ ਨਾਲ ਲੰਡਨ ਦੇ ਵੈਸਟ ਐਂਡ ਇਲਾਕੇ ਵਿੱਚ ਰਹਿਣ ਲੱਗ ਪਿਆ। ਕਦੇ-ਕਦੇ ਫਿਲਮ ਸਟੂਡੀਓ 'ਚ ਐਕਸਟਰਾ ਵਜੋਂ ਕੰਮ ਵੀ ਕਰਦਾ। ਕਈ ਵਾਰ ਰਿਪੋਰਟ ਮਿਲੀ ਸੀ ਕਿ ਇਹ ਗਰਮ ਖ਼ਿਆਲਾਂ ਦਾ ਸੀ ਤੇ ਦਾਅਵਾ ਕਰਦਾ ਹੁੰਦਾ ਸੀ ਕਿ ਉਹ ਚੋਰੀ-ਛਿਪੇ ਹਿੰਦੋਸਤਾਨ ਹਥਿਆਰ ਭੇਜ ਦੇਵੇਗਾ।

ਅਗਸਤ 1936 ਵਿੱਚ ਊਧਮ ਸਿੰਘ ਨੂੰ ਲੰਡਨ ਵਿੱਚ ਹੀ ਧੱਕੇ ਨਾਲ ਪੈਸੇ ਮੰਗਣ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ। ਜਿਊਰੀ ਪਹਿਲੇ ਮੁਕੱਦਮੇ 'ਚ ਇਸ ਨਾਲ ਸਹਿਮਤ ਨਹੀਂ ਸੀ ਹੋਈ, ਪਰ ਇਹ ਦੂਜੀ ਵਾਰ ਬਰੀ ਹੋ ਗਿਆ। ਇਸ ਨੂੰ ਲੰਡਨ 'ਚ ਗਰਮ ਖ਼ਿਆਲੀਆਂ ਦੀਆਂ ਮੀਟਿੰਗਾਂ 'ਚ ਆਉਂਦੇ-ਜਾਂਦੇ ਨੂੰ ਵੀ ਕਦੇ ਨਹੀਂ ਸੀ ਦੇਖਿਆ।

ਨੈਸ਼ਨਲ ਰਜਿਸਟਰੇਸ਼ਨ ਵਾਲੇ ਦਿਨ ਇਹ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਲੜੀ ਨੰ: **EOAK**/305/7 ਹੇਠ ਦਰਜ ਹੋਇਆ ਸੀ। ਇਸ ਨੇ ਆਪਣਾ ਕਿੱਤਾ ਤਰਖਾਣ ਤੇ ਜਨਮ ਤਾਰੀਖ਼ 23 ਅਕਤੂਬਰ 1905 ਦੱਸੀ ਸੀ। ਉਸ ਨੇ ਪਤਾ 581 ਵਿਮਬੋਰਨ ਰੋਡ, ਬੋਰਨਮਾਊਥ ਲਿਖਾਇਆ।

ਵਾਰਦਾਤ ਤੋਂ ਅਗਲੇ ਦਿਨ (ਭਾਵ 14 ਮਾਰਚ 1940) ਨੂੰ ਪੁਲੀਸ ਕੋਲ ਦਿੱਤਾ ਬਿਆਨ: "ਬਿਆਨ ਮੁਹੰਮਦ ਸਿੰਘ ਆਜ਼ਾਦ, ਉਮਰ 38 ਸਾਲ, ਵਾਸੀ 8 ਮੋਰਿੰਟਨ ਟੈਰਿਸ, ਰਿਜੈਂਟ ਪਾਰਕ, ਕਿੱਤਾ ਇੰਜਨੀਅਰ...... ਜਦੋਂ ਮੀਟਿੰਗ ਖ਼ਤਮ ਹੋਈ ਤਾਂ ਮੈਂ ਆਪਣਾ ਪਿਸਤੌਲ ਜੇਬ 'ਚੋਂ ਕੱਢਿਆ ਤੇ ਗੋਲੀ ਚਲਾ ਦਿੱਤੀ, ਜਿਵੇਂ ਕੰਧ 'ਤੇ ਚਲਾਈਦੀ ਹੈ। ਮੈਂ ਆਪਣਾ ਰੋਸ ਪ੍ਰਗਟ ਕਰਨ ਲਈ ਹੀ ਗੋਲੀ ਚਲਾਈ ਸੀ। ਬਰਤਾਨਵੀ ਸਾਮਰਾਜ ਦੀ ਛਤਰ-ਛਾਇਆ ਹੇਠ ਮੈਂ ਹਿੰਦੋਸਤਾਨ ਵਿੱਚ ਲੋਕਾਂ ਨੂੰ ਭੁੱਖ ਨਾਲ ਮਰਦੇ ਵੇਖਿਆ ਹੈ। ਮੈਂ ਪਿਸਤੌਲ ਤਿੰਨ ਵਾਰ ਚਲਾਇਆ ਤੇ ਇਸ ਦਾ ਮੈਨੂੰ ਕੋਈ ਦੁੱਖ ਵੀ ਨਹੀਂ ਹੈ। ਮੈਨੂੰ ਕਿਸੇ ਸਜ਼ਾ ਦੀ ਕੋਈ ਪਰਵਾਹ ਨਹੀਂ ਹੈ- ਦਸ ਸਾਲ, ਵੀਹ ਸਾਲ ਜਾਂ ਪੰਜਾਹ ਸਾਲ ਦੀ ਸਜ਼ਾ ਤੇ ਭਾਵੇਂ ਫਾਂਸੀ ਵੀ ਹੋ ਜਾਵੇ। ਮੈਂ ਤਾਂ ਆਪਣਾ ਫਰਜ਼ ਪੂਰਾ ਕੀਤਾ ਹੈ। ਪਰ ਮੇਰਾ ਮਕਸਦ ਕਿਸੇ ਦੀ ਜਾਨ ਲੈਣਾ ਨਹੀਂ ਸੀ, ਮੇਰਾ ਮਤਲਬ ਤਾਂ ਆਪਣਾ ਰੋਸ ਜ਼ਾਹਰ ਕਰਨਾ ਸੀ। ਮੈਂ ਇਹ ਬਿਆਨ ਪੜ੍ਹ ਲਿਆ ਹੈ ਤੇ ਇਹ ਬਿਲਕੁਲ ਠੀਕ ਹੈ। ਸਹੀ/-

-ਮੁਹੰਮਦ ਸਿੰਘ ਆਜ਼ਾਦ"

ਭਾਵੇਂ ਊਧਮ ਸਿੰਘ ਦੀ ਸੋਚ ਬਾਰੇ ਵੱਖੋ-ਵੱਖ ਧਾਰਨਾਵਾਂ ਨੇ ਪਰ ਉਹ ਗ਼ਦਰ ਪਾਰਟੀ ਦੀ ਵਿਚਾਰਧਾਰਾ ਨੂੰ ਪਰਨਾਇਆ ਤੇ ਇਨਕਲਾਬੀ ਨਜ਼ਰੀਏ ਦਾ ਧਾਰਨੀ ਹੀ ਸੀ।

13 ਮਾਰਚ 1940 ਨੂੰ ਸਰ ਮਾਈਕਲ ਓ-ਡਵਾਇਰ ਦੀ ਹੱਤਿਆ ਮਗਰੋਂ ਖ਼ੁਦ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰਦਿਆਂ ਉਸ ਨੇ ਹਰੇਕ ਪੜਾਅ 'ਤੇ ਹਿੱਕ ਠੋਕ ਕੇ ਆਪਣੇ ਜ਼ੁਰਮ ਦਾ ਕੇਵਲ ਇਕਬਾਲ ਹੀ ਨਹੀਂ ਕੀਤਾ, ਬਲਕਿ ਭਗਤ ਸਿੰਘ ਵਰਗੇ ਸ਼ਹੀਦਾਂ ਵਾਂਗ ਆਪਣੇ ਕਾਰਨਾਮੇ ਦੀ ਇਤਿਹਾਸਿਕ ਪ੍ਰਸੰਗ ਵਿੱਚ ਪ੍ਰਤੱਖ ਵਿਆਖਿਆ ਵੀ ਕੀਤੀ, ਜਿਸ ਆਧਾਰ 'ਤੇ ਉਸ ਦੀ ਭੂਮਿਕਾ ਮਦਨ ਲਾਲ ਢੀਂਗਰਾ, ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਜਿਹੇ ਪਰਵਾਨਿਆਂ ਵਾਲੀ ਹੀ ਹੈ। ਜਿਵੇਂ ਆਪਣੇ ਅਦਾਲਤੀ ਬਿਆਨ 'ਚ ਉਸ ਨੇ ਦੱਸਿਆ-

"ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ, ਅਸੀਂ ਅੰਗਰੇਜ਼ਾਂ ਦੀ ਅਧੀਨਤਾ ਹੇਠ ਜੂਨ ਭੋਗ ਰਹੇ ਹਾਂ। ਮੈਂ ਮਰਨ ਤੋਂ ਡਰਦਾ ਨਹੀਂ, ਸਗੋਂ ਮੈਨੂੰ ਤਾਂ ਇਸ ਮਰਨ 'ਤੇ ਮਾਨ ਹੈ ਕਿ ਮੈਂ ਆਪਣੀ ਮਾਤ-ਭੂਮੀ ਨੂੰ ਆਜ਼ਾਦ ਕਰਾਉਣ ਲਈ ਮਰਾਂਗਾ। ਮੈਨੂੰ ਆਸ ਹੈ ਕਿ ਮੇਰੇ ਦੇਸ਼ ਵਾਸੀ ਮੇਰੇ ਰਾਹ 'ਤੇ ਚੱਲ ਕੇ ਤੁਹਾਨੂੰ (ਅੰਗਰੇਜ਼ਾਂ ਨੂੰ) ਹਲਕੇ ਕੁੱਤਿਆਂ ਵਾਂਗ ਭਜਾ ਦੇਣਗੇ ਤੇ ਮੇਰਾ ਦੇਸ਼ ਆਜ਼ਾਦ ਹੋ ਜਾਏਗਾ।"

ਉਸ ਨੇ ਆਪਣੀ ਗ੍ਰਿਫ਼ਤਾਰੀ ਤੋਂ ਅਗਲੇ ਦਿਨ ਪੁਲੀਸ ਕੋਲ ਦਰਜ ਕਰਾਏ ਬਿਆਨ ਵਿੱਚ ਵੀ ਸਪੱਸ਼ਟ ਤੌਰ 'ਤੇ ਕਿਹਾ, "ਮੇਰਾ ਮਕਸਦ ਕਿਸੇ ਦੀ ਜਾਨ ਲੈਣਾ ਨਹੀਂ ਸੀ, ਮੇਰਾ ਮਕਸਦ ਤਾਂ ਆਪਣਾ ਰੋਸ ਜ਼ਾਹਰ ਕਰਨਾ ਸੀ।"

ਉਕਤ ਤੱਥਾਂ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਊਧਮ ਸਿੰਘ 13 ਅਪਰੈਲ 1919 ਨੂੰ ਜੱਲ੍ਹਿਆਂਵਾਲਾ ਬਾਗ਼ ਦੇ ਕਤਲੇਆਮ ਵੇਲੇ ਪੂਰਬੀ ਅਫ਼ਰੀਕਾ ਵਿੱਚ ਸੀ, ਭਾਵ ਉਹ ਉਸ ਦਿਨ ਅੰਮ੍ਰਿਤਸਰ ਵਿੱਚ ਮੌਜੂਦ ਨਹੀਂ ਸੀ ਅਤੇ ਉਸ ਵਿੱਚ ਬਾਗ਼ੀਆਨਾ ਸੋਚ ਅਮਰੀਕਾ 'ਚ ਰਹਿੰਦਿਆਂ ਗ਼ਦਰ ਪਾਰਟੀ ਦੇ ਅਸਰ ਹੇਠ ਹੀ ਪਨਪੀ ਸੀ।

-'ਬਾਇਓਗ੍ਰਾਫੀ ਸ਼ਹੀਦ ਊਧਮ ਸਿੰਘ, ਮਲਵਿੰਦਰ ਜੀਤ ਸਿੰਘ ਵੜੈਚ

ਸਰੋਤ: ਗਿਆਨੀ (ਨਾਵਲਕਾਰ) ਕੇਸਰ ਸਿੰਘ ਕੈਨੇਡਾ

ਸੰਪਰਕ: mjswaraich29@gmail.com

ਰਾਇਕੋਟ ਦੇ ਸਾਕੇ ਦਾ 150ਵਾਂ ਵਰ੍ਹਾ

# ਮੇਰੇ ਪਿੰਡ ਪਿੱਥੋ ਦੇ ਨਾਮਧਾਰੀ ਸ਼ਹੀਦਾਂ ਦੀ ਅਲੋਕਾਰ ਗਾਥਾ!

-ਗੁਰਬਚਨ ਭੁੱਲਰ

ਮਹਾਰਾਜਾ ਰਣਜੀਤ ਸਿੰਘ 27 ਜੂਨ 1839 ਨੂੰ ਚਲਾਣਾ ਕਰ ਗਿਆ। ਅਸਲ ਵਿਚ ਤਾਂ ਉਹਦੇ ਕਾਇਮ ਕੀਤੇ ਰਾਜ ਦੀ ਬੁਨਿਆਦ ਉਸੇ ਦਿਨ ਉੱਖੜ ਗਈ। ਮਗਰੋਂ ਦਾ ਇਕ ਦਹਾਕਾ ਤਾਂ ਉਹਦਾ ਉੱਖੜਿਆ ਹੋਇਆ ਰਾਜ 'ਆਪਣਿਆਂ' ਵੱਲੋਂ ਇੱਟ-ਇੱਟ ਕਰ ਕੇ ਢਾਹੁਣ ਅਤੇ ਨਕਸ਼ੇ ਤੋਂ ਮੇਸਣ ਦੀ ਕਹਾਣੀ ਹੈ। ਰਣਜੀਤ ਸਿੰਘ ਤੋਂ ਮਗਰੋਂ ਦੀ ਹਾਲਤ ਸ਼ਾਹ ਮੁਹੰਮਦ ਨੇ ਬੜੇ ਢੁਕਵੇਂ ਸ਼ਬਦਾਂ ਵਿਚ ਪੇਸ਼ ਕੀਤੀ ਹੈ:

ਕੇਹਾ ਬੁਰਛਿਆਂ ਆਣ ਹਨੇਰ ਪਾਇਆ,
ਜੇੜ੍ਹਾ ਬਹੇ ਗੱਦੀ ਉਹਨੂੰ ਮਾਰ ਲੈਂਦੇ।...
ਕਈ ਤੁਰੇ ਨੀ ਕਿਲ੍ਹੇ ਦੀ ਲੁੱਟ ਉੱਤੇ,
ਕਈ ਸ਼ਹਿਰ ਦੇ ਲੁੱਟ ਬਜ਼ਾਰ ਲੈਂਦੇ।...
ਪਿੱਛੇ ਇਕ ਸਰਕਾਰ ਦੇ ਖੇਡ ਵਿਚਲੀ,
ਪਈ ਨਿੱਤ ਹੁੰਦੀ ਮਾਰੋ-ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੋ ਕਤਲ ਹੋਏ ਵਾਰੋ-ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
'ਸ਼ਾਹ ਮੁਹੰਮਦਾ' ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ।

ਸਵਾ ਚਾਰ ਸਾਲਾਂ ਵਿੱਚ ਇਕ ਉਹਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਤੋਂ ਬਿਨਾਂ ਉਹਦੀ ਔਲਾਦ ਦਾ ਸਫ਼ਾਇਆ ਹੋ ਚੁੱਕਿਆ ਸੀ। 22 ਸਤੰਬਰ 1843 ਨੂੰ ਪੰਜ ਸਾਲ ਦੀ ਉਮਰ ਵਿਚ ਉਹਨੂੰ ਗੱਦੀ ਉੱਤੇ ਬਿਠਾ ਦਿੱਤਾ ਗਿਆ। ਇਸ ਸਾਰੇ ਸਮੇਂ ਦੌਰਾਨ ਪੰਜਾਬ ਅੰਗਰੇਜ਼ਾਂ ਦੇ ਧਿਆਨ ਦਾ ਕੇਂਦਰ ਸੀ। ਪਹਿਲੀ ਸਿੱਖ-ਅੰਗਰੇਜ਼ ਜੰਗ ਵਿਚ ਸਿੱਖਾਂ ਦੀ ਹਾਰ ਮਗਰੋਂ 9 ਮਾਰਚ 1846 ਨੂੰ ਈਸਟ ਇੰਡੀਆ ਕੰਪਨੀ ਤੇ ਲਾਹੌਰ ਦਰਬਾਰ ਵਿਚਕਾਰ ਹੋਈ ਸੰਧੀ ਅਨੁਸਾਰ ਦਲੀਪ ਸਿੰਘ 'ਮਹਾਰਾਜਾ' ਤਾਂ ਬਣਿਆ ਰਿਹਾ, ਪਰ ਰਾਜ-ਪ੍ਰਬੰਧ ਦੀ ਵਾਗਡੋਰ ਅੰਗਰੇਜ਼ ਰੈਜ਼ੀਡੈਂਟ ਦੇ ਹੱਥ ਚਲੀ ਗਈ। 1848 ਦੀ ਦੂਜੀ ਸਿੱਖ-ਅੰਗਰੇਜ਼ ਜੰਗ ਵਿਚ ਸਿੱਖਾਂ ਦੀ ਹਾਰ ਮਗਰੋਂ 29 ਮਾਰਚ 1849 ਨੂੰ 'ਆਜ਼ਾਦ' ਪੰਜਾਬ ਦਾ ਆਖ਼ਰੀ ਦਰਬਾਰ ਸਜਿਆ। ਉਸ ਵਿਚ ਦੋ ਅੰਗਰੇਜ਼ ਅਧਿਕਾਰੀਆਂ ਦੀ ਹਾਜ਼ਰੀ ਵਿਚ ਐਲਾਨ ਕੀਤਾ ਗਿਆ ਕਿ ਮਹਾਰਾਜਾ ਦਲੀਪ ਸਿੰਘ ਨੇ ਗੱਦੀ ਛੱਡ ਦਿੱਤੀ ਹੈ ਤੇ ਪੰਜਾਬ ਅੰਗਰੇਜ਼ ਰਾਜ ਦਾ ਅੰਗ ਬਣ ਗਿਆ ਹੈ।

ਇਸ ਸਾਰੇ ਸਮੇਂ ਦੌਰਾਨ ਅੰਗਰੇਜ਼ਾਂ ਦੀ ਪਹਿਲੀ ਚਿੰਤਾ ਰਣਜੀਤ ਸਿੰਘ ਦੇ ਰਾਜ ਵਿਚ ਕਾਇਮ ਹੋਈ ਪੰਜਾਬੀ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀ ਧਾਰਮਿਕ ਸਦਭਾਵਨਾ ਤੇ ਭਾਈਚਾਰਕ ਏਕਤਾ ਸੀ, ਜਿਸ ਤੋਂ ਉਹਨਾਂ ਨੂੰ ਆਪਣੇ ਰਾਜ ਲਈ ਵੱਡਾ ਖ਼ਤਰਾ ਦਿਸਦਾ ਸੀ। ਮੁਸਲਮਾਨ ਵੀ ਹੋਰਾਂ ਵਾਂਗ ਉੱਚੀਆਂ ਪਦਵੀਆਂ ਉੱਤੇ ਸਨ। ਨੇੜਲੇ ਅਤੀਤ ਵਿਚ ਸਿੱਖਾਂ ਨੂੰ ਮੁਸਲਮਾਨ ਹਾਕਮਾਂ ਦੇ ਅਕਹਿ-ਅਸਹਿ ਜ਼ੁਲਮਾਂ ਦੇ ਲੰਮੇ ਦੌਰ ਵਿਚੋਂ ਲੰਘਣਾ ਪਿਆ ਹੋਣ ਦੇ ਬਾਵਜੂਦ ਅਜਿਹਾ ਭਾਈਚਾਰਕ ਮਾਹੌਲ ਪੈਦਾ ਕਰਨਾ ਮਹਾਰਾਜਾ ਰਣਜੀਤ ਸਿੰਘ ਦੀ ਵੱਡੀ ਰਾਜਨੀਤਕ ਸਿਆਣਪ ਤੇ ਸਮਾਜਕ ਦੂਰਦਰਸ਼ਤਾ ਸੀ। ਤਦੇ ਤਾਂ ਸ਼ਾਹ ਮੁਹੰਮਦ ਨੇ ਲਿਖਿਆ ਸੀ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ।
'ਸ਼ਾਹ ਮੁਹੰਮਦਾ' ਵਿਚ ਪੰਜਾਬ ਦੇ ਜੀ,
ਕੋਈ ਨਹੀਂ ਸੀ ਤੀਸਰੀ ਜ਼ਾਤ ਆਈ।

ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲ ਦਾ ਹੀ ਇਕ ਹੋਰ ਕਵੀ, ਸੌਂਧਾ, ਚੋਰਾਂ-ਧਾੜਵੀਆਂ ਦੀ ਅਣਹੋਂਦ ਅਤੇ ਜੀਅ-ਘਾਤ ਦੀ ਮਨਾਹੀ ਸਦਕਾ ਉਸ ਦੀ ਉਸਤਤ ਇਹਨਾਂ ਸ਼ਬਦਾਂ ਵਿਚ ਕਰਦਾ ਹੈ:

ਰਣਜੀਤ ਕੇ ਰਾਜ ਮਹਿ, ਜੈਸੇ ਆਵਹਿ ਜਾਇ।
ਚੋਰ ਧਾੜਵੀ ਦੂਰ ਰਹੇ, ਕੋਈ ਬੁਲਾਵੇ ਨਾਹਿ।
ਐਸੇ ਸਤਿਆਵਾਨ ਕਾ, ਜੁਗ ਜੁਗ ਹੋਵੇ ਰਾਜ।
ਜੀਅ ਘਾਤ ਹੋਵੇ ਨਹੀਂ, ਐਸਾ ਨੀਚ ਅਕਾਜ।

ਕੁਦਰਤੀ ਸੀ, ਉਹਨਾਂ ਨੇ ਪਹਿਲੀ ਚਾਲ ਇਹ ਚੱਲੀ ਕਿ ਪੰਜਾਬੀਆਂ ਦੀ, ਖਾਸ ਕਰ ਕੇ ਸਿੱਖਾਂ ਦੀ ਅਣਖ ਉੱਤੇ ਵਾਰ ਕਰ ਕੇ ਉਹਨਾਂ ਨੂੰ ਸੱਤਾ ਦੀ ਤਬਦੀਲੀ ਦਾ



ਅਹਿਸਾਸ ਕਰਵਾਇਆ ਜਾਵੇ। ਉਹਨਾਂ ਨੂੰ ਇਹ ਪਤਾ ਲੱਗ ਜਾਵੇ ਕਿ ਉਹ ਹੁਣ ਆਜ਼ਾਦ ਸਿੱਖ ਰਾਜ ਵਿਚ ਨਹੀਂ ਰਹਿ ਰਹੇ, ਗੋਰਿਆਂ ਦੇ ਗ਼ੁਲਾਮ ਬਣ ਗਏ ਹਨ। ਇਸ ਦਾ ਇਕ ਕਾਰਗਰ ਤਰੀਕਾ ਰਹਿਤਲ ਤੇ ਧਾਰਮਿਕ ਰੀਤ ਦੇ ਨਾਂ ਉੱਤੇ ਮੁਸਲਮਾਨਾਂ ਨੂੰ ਗਊਆਂ ਦੇ ਬੁੱਚੜਖਾਨੇ ਖੋਲ੍ਹਣ ਦੀ ਇਜਾਜ਼ਤ ਦੇਣਾ ਸੀ। ਗਊ-ਬੱਧ ਰਣਜੀਤ ਸਿੰਘ ਦੇ ਰਾਜ ਵਿਚ ਕਾਨੂੰਨਨ ਮਨ੍ਹਾ ਸੀ।

ਪਹਿਲੇ ਕਦਮ ਵਜੋਂ ਹੀ ਬੁੱਚੜਖਾਨਿਆਂ ਦੀ ਆਗਿਆ ਦੇਣਾ ਉਹਨਾਂ ਦੀ ਚਾਲ ਨੂੰ ਉਜਾਗਰ ਕਰ ਕੇ ਹਿੰਦੂਆਂ-ਸਿੱਖਾਂ ਵਿਚ ਰੋਸ ਪੈਦਾ ਕਰ ਸਕਦਾ ਸੀ। ਉਹਨਾਂ ਨੇ ਚਲਾਕੀ ਤੋਂ ਕੰਮ ਲੈਂਦਿਆਂ ਕਾਫ਼ੀ ਪਹਿਲਾਂ ਮੁੱਢਲੇ ਕਦਮ ਵਜੋਂ ਸਿੱਖ ਧਰਮ ਲਈ ਸਤਿਕਾਰ ਦਾ ਪਖੰਡ ਕੀਤਾ। ਰੈਜ਼ੀਡੈਂਟ ਹੈਨਰੀ ਲਾਰੈਂਸ ਨੇ 24 ਮਾਰਚ 1847 ਨੂੰ, ਜਦੋਂ ਅਜੇ ਨਾਂ ਨੂੰ ਦਲੀਪ ਸਿੰਘ ਦਾ ਰਾਜ ਸੀ, ਇਹ ਐਲਾਨ ਕੀਤਾ ਕਿ ਗਵਰਨਰ ਜਨਰਲ ਸਾਹਿਬ ਦੇ ਹੁਕਮ ਅਨੁਸਾਰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਸਾਰੇ ਵਿਚ ਕੋਈ ਵੀ ਜੁੱਤੇ ਪਾ ਕੇ ਦਾਖ਼ਲ ਨਹੀਂ ਹੋਵੇਗਾ, ਅੰਮ੍ਰਿਤਸਰ ਵਿਚ ਗਊ-ਬੱਧ ਨਹੀਂ ਹੋਵੇਗਾ ਤੇ ਸਿੱਖਾਂ ਦੇ ਮਾਮਲਿਆਂ ਵਿਚ ਕੋਈ ਦਖ਼ਲ ਨਹੀਂ ਦਿੱਤਾ ਜਾ ਸਕੇਗਾ।

ਪਰ ਜਿਵੇਂ ਭਵਿੱਖ ਨੇ ਦਿਖਾਇਆ, ਇਹ ਐਲਾਨ ਸਿੱਖ ਧਰਮ ਦਾ ਸਤਿਕਾਰ ਕਰਨ ਲਈ ਨਹੀਂ ਸੀ ਸਗੋਂ ਇਸ ਨੂੰ ਸਿੱਖ ਧਰਮ ਦਾ ਨਿਰਾਦਰ ਕਰਨ ਲਈ ਆਧਾਰ ਬਣਾਇਆ ਜਾਣਾ ਸੀ। 29 ਮਾਰਚ 1849 ਨੂੰ ਪੰਜਾਬ ਦੇ ਅੰਗਰੇਜ਼ ਰਾਜ ਦਾ ਹਿੱਸਾ ਬਣਨ ਤੋਂ ਕੁੱਲ 51 ਦਿਨ ਮਗਰੋਂ ਅੰਗਰੇਜ਼ ਨੇ ਗੋਲ-ਮੋਲ ਸ਼ਬਦ ਵਰਤ ਕੇ ਇਕ ਨਵਾਂ ਐਲਾਨ ਕੀਤਾ, ਜਿਸ ਅਨੁਸਾਰ ਸਿੱਖ ਧਰਮ ਵਾਂਗ ਹਰ ਧਰਮ ਵਿਚ ਕਿਸੇ ਵੀ ਬਾਹਰਲੇ ਦਖ਼ਲ ਦੀ ਮਨਾਹੀ ਕਰ ਦਿੱਤੀ ਗਈ। ਐਲਾਨ ਵਿਚ ਕਿਹਾ ਗਿਆ, "ਕਿਸੇ ਨੂੰ ਵੀ ਆਪਨੇ ਗੁਆਂਢੀ ਦੀ ਰਹਿਤਲ ਵਿਚ ਤੇ ਉਹਨਾਂ ਰਸਮਾਂ-ਰੀਤਾਂ ਵਿਚ ਦਖ਼ਲ ਦੇਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ, ਜਿਨ੍ਹਾਂ ਨੂੰ ਮੰਨਣਾ ਉਸ ਗੁਆਂਢੀ ਦਾ ਧਰਮ ਲਾਜ਼ਮੀ ਬਣਾਉਂਦਾ ਹੋਵੇ ਜਾਂ ਮੰਨਣ ਦੀ ਖੁੱਲ੍ਹ ਦਿੰਦਾ ਹੋਵੇ।" ਇਉਂ ਅਸਲ ਵਿਚ ਰਹਿਤਲ ਤੇ ਰਸਮ-ਰੀਤ ਦੇ ਨਾਂ ਨਾਲ ਮੁਸਲਮਾਨਾਂ ਨੂੰ ਗਊ-ਬੱਧ ਦੀ ਖੁੱਲ੍ਹ ਦੇ ਦਿੱਤੀ ਗਈ।

ਅਮਗਰੇਜ਼ ਦੀ ਸ਼ਹਿ ਨਾਲ ਪੰਜਾਬ ਵਿਚ ਬੁੱਚੜਖਾਨੇ ਖੁੱਲ੍ਹਣ ਲੱਗੇ। ਇਕ ਬੁੱਚੜਖਾਨਾ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੇ ਨੇੜੇ ਖੋਲ੍ਹਿਆ ਗਿਆ। ਮਾਸ-ਹੱਡੀਆਂ ਲੈ ਕੇ ਇੱਲ੍ਹਾਂ-ਕਾਂ ਦਰਬਾਰ ਸਾਹਿਬ ਉੱਤੇ ਆ ਬੈਠਦੇ। ਉੱਡੇ ਜਾਂਦੇ ਜਾਨਵਰਾਂ ਦੇ ਪੰਜਿਆਂ-ਚੁੰਝਾਂ ਵਿਚੋਂ

ਮਾਸ-ਹੱਡੀਆਂ ਦਾ ਪਰਕਰਮਾ ਤੇ ਸਰੋਵਰ ਵਿਚ ਡਿੱਗਣਾ ਆਮ ਗੱਲ ਹੋ ਗਿਆ। ਆਖ਼ਰ ਨਾਮਧਾਰੀ ਸਿੱਖਾਂ ਨੇ 14-15 ਜੂਨ 1871 ਦੀ ਰਾਤ ਨੂੰ ਹੱਲਾ ਬੋਲ ਕੇ ਗਊਆਂ ਨੂੰ ਛੁਡਵਾ ਕੇ ਬੁੱਚੜਾਂ ਨੂੰ ਮਾਰ ਦਿੱਤਾ।

ਇਸੇ ਤਰ੍ਹਾਂ ਰਾਇਕੋਟ ਵਿਚ ਗੁਰਦੁਆਰਾ ਟਾਹਲੀਆਣਾ ਸਾਹਿਬ, ਜੋ ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਉਥੇ ਠਹਿਰਨ ਦੀ ਯਾਦ ਵਿਚ ਬਣਿਆ ਹੋਇਆ ਸੀ, ਦੇ ਨੇੜੇ ਰਾਂਝਾ ਤੇ ਬੂਟਾ ਨਾਂ ਦੇ ਕਸਾਈਆਂ ਨੇ ਬੁੱਚੜਖਾਨਾ ਖੋਲ੍ਹਿਆ ਹੋਇਆ ਸੀ। ਨੇੜੇ ਹੀ ਸੁਥਰਿਆਂ ਦੀ ਧਰਮਸ਼ਾਲਾ ਵੀ ਸੀ। ਇਥੇ ਵੀ ਗੁਰਦੁਆਰੇ ਤੇ ਧਰਮਸ਼ਾਲਾ ਦਾ ਇੱਲ੍ਹਾਂ-ਕਾਂਵਾਂ ਨੇ ਉਹੋ ਹਾਲ ਕਰ ਛੱਡਿਆ ਸੀ। ਬੁੱਚੜ ਆਪ ਵੀ ਮਾਸ-ਹੱਡ ਜਿਥੇ ਜੀਅ ਕਰਦਾ, ਸਿੱਟ ਦਿੰਦੇ।

ਭੈਣੀ ਸਾਹਿਬ ਨੂੰ ਜਾਂਦੇ ਹੋਏ ਮੇਰੇ ਪਿੰਡ ਪਿੱਥੋ ਦੇ ਤਿੰਨ ਨਾਮਧਾਰੀ ਸਿੱਖ ਇਕ ਰਾਤ ਧਰਮਸ਼ਾਲਾ ਵਿਚ ਠਹਿਰੇ। ਇਕ 22 ਸਾਲ ਦਾ ਨੌਜਵਾਨ ਮਸਤਾਨ ਸਿੰਘ ਭੁੱਲਰ ਸੀ ਜਿਸ ਦੇ ਮਾਤਾ-ਪਿਤਾ ਖੇਮ ਕੌਰ ਤੇ ਕਿਸ਼ਨ ਸਿੰਘ ਸਨ। ਦੂਜਾ 28 ਸਾਲ ਦਾ ਗੱਭਰੂ ਮੰਗਲ ਸਿੰਘ ਭੁੱਲਰ ਸੀ ਜਿਸ ਦੇ ਮਾਤਾ-ਪਿਤਾ ਰੱਤੀ ਤੇ ਦੌਲਤ ਸਿੰਘ ਸਨ। ਤੀਜਾ 30 ਸਾਲਾਂ ਦਾ ਗੱਭਰੂ ਗੁਰਮੁਖ ਸਿੰਘ ਮੁਹਾਰ ਸੀ, ਜਿਸ ਦੇ ਮਾਤਾ-ਪਿਤਾ ਅਤਰ ਕੌਰ ਤੇ ਮੋਹਰ ਸਿੰਘ ਸਨ। ਉਥੋਂ ਤੱਕ ਪਹੁੰਚ ਰਹੀ ਬੁੱਚੜਖਾਨੇ ਦੀ ਦੁਰਗੰਧ ਤੋਂ ਚੱਲੀ ਗੱਲ ਧਰਮਸ਼ਾਲਾ ਤੇ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਦਰਦ-ਕਹਾਣੀ ਤੱਕ ਜਾ ਪੁੱਜੀ। ਪ੍ਰਸਿੱਧ ਲੇਖਕ ਸੰਤ ਇੰਦਰ ਸਿੰਘ ਚਕਰਵਰਤੀ ਨੇ ਹਾਲਤ ਇਹਨਾਂ ਸ਼ਬਦਾਂ ਵਿਚ ਦੱਸੀ ਹੈ:

ਮਾਲਵੇ ਦੇ ਸਿੰਘ ਪਿੱਥੋ, ਮੰਡੀ, ਕਈ ਪਿੰਡਾਂ ਵਾਲ਼ੇ,
ਅਟਕੇ ਆਰਾਮ ਲਈ ਟਾਹਲੀ ਸਾਹਿਬ ਆਣ ਕੇ।
ਰਾਇਕੋਟ ਵਿਚ ਦਸਮ ਗੁਰੂ ਦਰਬਾਰ ਇਹ,
ਰਾਇ ਕੱਲ੍ਹਾ ਫੜਿਆ ਸੀ ਪੱਲਾ ਅੱਲ੍ਹਾ ਜਾਣ ਕੇ।
ਏਸੇ ਥਾਂ ਹੀ ਮਾਹੀ ਸਾਹਿਬਜ਼ਾਦਿਆਂ ਤੇ ਮਾਈ ਜੀ ਦੀ,
ਦੱਸੀ ਸੀ ਖ਼ਬਰ ਸਰਹਿੰਦ ਤੋਂ ਲਿਆਨ ਕੇ।
ਗੁਰਦੁਆਰਾ ਵਾਸੀਆਂ 'ਤੇ ਛਾਈਆਂ ਉਦਾਸੀਆਂ ਕਿਉਂ,
ਪੁੱਛਿਆ ਸੀ ਖਾਲਸੇ ਨੇ ਪੁਜਾਰੀਆਂ ਪਛਾਣ ਕੇ।

ਉਹਨਾਂ ਨੇ ਅੱਗੋਂ ਜਵਾਬ ਦਿੱਤਾ:

ਇੱਲ੍ਹਾਂ ਕਾਂ ਹੱਡ ਚੁੱਕ ਸੁੱਟਦੇ ਨੇ ਬੁੱਕ ਬੁੱਕ,
ਹੁੰਝਦੇ ਹਾਂ ਬੁੱਕ ਬੁੱਕ ਵਿਚੋਂ ਦਰਬਾਰ ਦੇ।
ਚਲਦਾ ਹੈ ਚਾਰਾ ਨਾ ਸਹਾਰਾ ਭਾਰਾ ਲੱਭਦਾ ਹੈ,
ਰੋਏ-ਪਿੱਟੇ ਅੱਗੇ ਕਈ ਵਾਰ ਸਰਕਾਰ ਦੇ !...

ਉਹਨਾਂ ਤਿੰਨਾਂ ਨੇ ਆਪਣੀ ਮੰਜ਼ਿਲ, ਭੈਣੀ ਸਾਹਿਬ ਜਾਣ ਦੀ ਥਾਂ ਬੁੱਚੜਾਂ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕਰ ਲਿਆ। ਲੋੜੀਂਦੇ ਹਥਿਆਰਾਂ ਦਾ ਪ੍ਰਬੰਧ ਕਰਨ ਲਈ ਉਹ ਆਪਣੇ ਬੋਤਿਆਂ ਉੱਤੇ ਉਥੋਂ ਕੁਝ ਦੂਰ ਦੇ ਪਿੰਡ ਤਾਜਪੁਰ ਦੇ ਇਕ ਜਾਣਕਾਰ ਤੋਂ ਮਦਦ ਲੈਣ ਲਈ ਚੱਲ ਪਏ। 15-16 ਜੁਲਾਈ 1871 ਦੀ ਰਾਤ ਨੂੰ ਵਰ੍ਹਦੇ ਮੀਂਹ ਵਿਚ ਵਾਪਸ ਆ ਕੇ ਉਹਨਾਂ ਨੇ ਬੁੱਚੜਖਾਨੇ ਦਾ ਦਰਵਾਜ਼ਾ ਜਾ ਖੜਕਾਇਆ ਅਤੇ "ਕੌਣ ਹੈ" ਦੇ ਜਵਾਬ ਵਿਚ ਦੱਸਿਆ ਕਿ ਉਹ ਰਾਹੀ ਹਨ ਤੇ ਉਹਨਾਂ ਨੂੰ ਹੁੱਕੇ ਲਈ ਅੱਗ ਚਾਹੀਦੀ ਹੈ। ਜਿਉਂ ਹੀ ਦਰਵਾਜ਼ਾ ਖੁੱਲ੍ਹਿਆ, ਅੰਦਰ ਵੜ ਕੇ ਕੀਤੇ ਉਹਨਾਂ ਦੇ ਹਮਲੇ ਵਿਚ ਦੋ ਜਣੇ, ਇਕ ਮਰਦ ਤੇ ਇਕ ਔਰਤ, ਮਾਰੇ ਗਏ ਤੇ ਸੱਤ ਜ਼ਖ਼ਮੀ ਹੋ ਗਏ। ਉਹਨਾਂ ਨੇ ਗਊਆਂ ਦੇ ਰੱਸੇ ਵੱਢ ਕੇ ਉਹ ਬਾਹਰ ਭਜਾ ਦਿੱਤੀਆਂ। ਸਬੱਬ ਨਾਲ ਬੂਟਾ ਉਥੇ ਹੈ ਨਹੀਂ ਸੀ ਤੇ ਰਾਂਝਾ ਦੂਜਿਆਂ ਉੱਤੇ ਵਾਰ ਹੁੰਦੇ ਦੇਖ ਕੇ ਭੱਜਣ ਵਿਚ ਸਫ਼ਲ ਹੋ ਗਿਆ।

ਤਿੰਨੇ ਨੌਜਵਾਨ ਉਥੋਂ ਹੀ ਵਾਪਸ ਪਿੱਥੋ ਨੂੰ ਚੱਲ ਪਏ। ਕਈ ਲੋਕਾਂ ਤੋਂ ਕੀਤੀ ਗਈ ਪੁੱਛ-ਪੜਤਾਲ ਪੁਲਿਸ ਨੂੰ ਉਹਨਾਂ ਦੇ ਮਗਰੇ-ਮਗਰ ਪਿੰਡ ਪਿੱਥੋ ਲੈ ਪਹੁੰਚੀ। ਕਿਸੇ ਨੇ ਪੁਲਿਸ ਦੀ ਪਹੁੰਚ ਦੀ ਜਾਣਕਾਰੀ ਦੇ ਆਧਾਰ ਉੱਤੇ ਉਹਨਾਂ ਨੂੰ ਭੱਜ ਜਾਣ ਲਈ ਕਿਹਾ ਪਰ ਉਹਨਾਂ ਨੇ ਇਨਕਾਰ ਕਰ ਦਿੱਤਾ। ਉਹਨਾਂ ਦਾ ਕਹਿਣਾ ਸੀ ਕਿ ਜੇ ਅਸੀਂ ਹੱਥ ਨਾ ਆਏ, ਪੁਲਿਸ ਹੋਰ ਪਰਿਵਾਰਾਂ ਤੇ ਪਿੰਡ ਵਾਲ਼ਿਆਂ ਨੂੰ ਤੰਗ ਕਰੇਗੀ; ਬੁੱਚੜ ਅਸੀਂ ਸੋਧੇ ਹਨ, ਸਜ਼ਾ ਵੀ ਅਸੀਂ ਹੀ ਭੁਗਤਾਂਗੇ।

ਅੰਗਰੇਜ਼ਾਂ ਦੀ ਸਮੱਸਿਆ ਬੁੱਚੜਾਂ ਦਾ ਕਤਲ ਨਹੀਂ ਸੀ, ਸਗੋਂ ਇਸ ਤਰੀਕੇ ਸਰਕਾਰ ਨੂੰ ਪਾਈ ਗਈ ਵੰਗਾਰ ਸੀ। ਅੰਮ੍ਰਿਤਸਰ ਕਾਂਡ ਤੋਂ ਪੂਰਾ ਇਕ ਮਹੀਨਾ ਮਗਰੋਂ ਰਾਇਕੋਟ ਦਾ ਹਮਲਾ ਲੋਕਾਂ ਨੂੰ ਅੰਗਰੇਜ਼ ਹਕੂਮਤ ਦੀ ਕਮਜ਼ੋਰੀ ਦਾ ਸੁਨੇਹਾ ਸੀ। ਤਿੰਨਾਂ ਦਾ ਗ੍ਰਿਫ਼ਤਾਰ ਹੋਣਾ ਸੀ ਕਿ ਅੰਗਰੇਜ਼ ਨੇ ਉਹਨਾਂ ਨੂੰ ਛੇਤੀ ਤੋਂ ਛੇਤੀ ਫ਼ਾਂਸੀ ਚੜ੍ਹਾਉਣ ਦਾ ਇਰਾਦਾ ਕਰ ਲਿਆ ਤਾਂ ਜੋ ਲੋਕਾਂ ਵਿਚ ਸਰਕਾਰ ਦੇ ਦਬਦਬੇ ਦਾ ਤੇ ਭੈ ਦਾ ਮਾਹੌਲ ਬਣਾਇਆ ਜਾ ਸਕੇ। ਮੁਕੱਦਮਾ ਰਾਇਕੋਟ ਦੇ ਨੇੜੇ ਬੱਸੀਆਂ ਦੀ ਕੋਠੀ ਵਿਚ ਚੱਲਿਆ। ਕੁਝ ਹੋਰ ਗ੍ਰਿਫ਼ਤਾਰੀਆਂ ਵੀ ਹੋਈਆਂ ਤੇ ਵਿਚੋਂ ਕੁਝ ਬੰਦੇ ਸਰਕਾਰੀ ਗਵਾਹ ਵੀ ਬਣਾ ਲਏ ਗਏ।

ਮੈਜਿਸਟਰੇਟ ਨੇ ਆਪਣੀ ਕਾਰਵਾਈ ਦੋ ਦਿਨ ਵਿਚ ਖ਼ਤਮ ਕਰ ਕੇ ਫ਼ਾਈਲ ਸੈਸ਼ਨ ਜੱਜ ਦੇ ਹਵਾਲੇ ਕਰ ਦਿੱਤੀ ਜੋ ਉਸ ਸਮੇਂ ਤੱਕ ਬੱਸੀਆਂ ਕੋਠੀ ਪਹੁੰਚ ਚੁੱਕਿਆ ਸੀ। ਸੈਸ਼ਨ ਜੱਜ ਨੇ 27 ਜੁਲਾਈ 1871 ਨੂੰ, ਭਾਵ ਸਾਕੇ ਦੇ ਬਾਰਵੇਂ ਦਿਨ, ਤਿੰਨਾਂ ਨੂੰ ਫ਼ਾਂਸੀ ਦਾ ਫ਼ੈਸਲਾ ਸੁਣਾ ਦਿੱਤਾ ਜਿਸ ਵਿਚ ਉਹਨੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ, "ਮੈਂ ਸਮਝਦਾ ਹਾਂ ਕਿ ਬੁੱਚੜਾਂ ਦਾ, ਜੋ ਅੰਗਰੇਜ਼ ਸਰਕਾਰ ਵੱਲੋਂ ਪੂਰੀ ਤਰ੍ਹਾਂ ਮਨਜ਼ੂਰ ਕੀਤੀ ਗਈ ਜਗ੍ਹਾ ਵਿਚ ਆਪਣਾ ਕਾਰੋਬਾਰ ਚਲਾ ਰਹੇ ਸਨ, ਉਹਨਾਂ ਨੂੰ ਨਾ ਜਾਣਨ ਵਾਲੇ ਬੰਦਿਆਂ ਹੱਥੋਂ ਕਤਲ ਸਾਡੀ ਸੱਤਾ ਤੋਂ ਸਿੱਧੀ ਨਾਬਰੀ ਹੈ। ਤੇ ਮੇਰਾ ਮੰਨਣਾ ਹੈ ਕਿ ਅਜਿਹੀ ਨਾਬਰੀ ਦੀ ਵੱਧ ਤੋਂ ਵੱਧ ਸਜ਼ਾ ਨਾ ਦੇਣਾ ਸਾਡੀ ਸੱਤਾ ਵਾਸਤੇ ਖ਼ਤਰਨਾਕ ਹੋਵੇਗਾ।"

ਇਕ ਅਗਸਤ ਨੂੰ ਪੰਜਾਬ ਦੀ ਚੀਫ਼ ਕੋਰਟ ਦੇ ਜੱਜ ਨੇ ਮੌਤ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ। ਇਸੇ ਕੋਰਟ ਦੇ ਦੂਜੇ ਜੱਜ ਨੇ ਵੀ ਕਥਿਤ ਕਾਨੂੰਨ ਦੀ ਖਾਨਾ-ਪੂਰਤੀ ਕਰਨ ਲਈ ਇਸ ਫ਼ੈਸਲੇ ਨਾਲ ਆਪਣੀ ਸਹਿਮਤੀ ਉਸੇ ਦਿਨ ਹੀ ਦੇ ਦਿੱਤੀ। ਪੰਜ ਅਗਸਤ ਦੀ ਸਵੇਰ ਨੂੰ, ਭਾਵ ਸਾਕੇ ਤੋਂ ਵੀਹਵੇਂ ਦਿਨ ਤਿੰਨਾਂ ਨਾਮਧਾਰੀਆਂ ਨੂੰ ਖੁੱਲ੍ਹੇ-ਆਮ, ਲਗਭਗ ਦੋ ਸੌ ਬੰਦਿਆਂ ਦੇ ਦੇਖਦਿਆਂ, ਬੁੱਚੜਖਾਨੇ ਦੇ ਨੇੜੇ ਫ਼ਾਂਸੀ ਦੇ ਦਿੱਤੀ ਗਈ। ਦਸਦੇ ਹਨ, ਉਹਨਾਂ ਨੇ ਚਿਹਰੇ ਢਕੇ ਬਿਨਾਂ ਫ਼ਾਂਸੀਆਂ ਦੇ ਰੱਸੇ ਆਪਣੇ ਗਲ਼ਾਂ ਵਿਚ ਆਪ ਪਾਏ।

ਥਾਣੇਦਾਰ ਅਸੂਲ ਹਸਨ ਦੀ ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਨੂੰ ਭੇਜੀ 5 ਅਗਸਤ 1871 ਦੀ ਚਿੱਠੀ ਵਿਚੋਂ ਸਾਨੂੰ ਵਡਮੁੱਲੀ ਜਾਣਕਾਰੀ ਮਿਲਦੀ ਹੈ। ਉਹਨੇ ਲਿਖਿਆ ਹੈ: "ਅੱਜ ਸਵੇਰੇ ਪੰਜ ਵਜੇ ਰਾਇਕੋਟ ਦੇ ਬੁੱਚੜਾਂ ਦੇ ਕਾਤਿਲ ਗੁਰਮੁਖ ਸਿੰਘ, ਮਸਤਾਨ ਸਿੰਘ ਤੇ ਮੰਗਲ ਸਿੰਘ ਨੂੰ ਬੁੱਚੜਖਾਨਾ ਦੇ ਪਾਸ ਫ਼ਾਹੇ ਲਾਇਆ ਗਿਆ। ਫ਼ਾਹੇ ਲਾਏ ਗਏ ਤਿੰਨਾਂ ਕਾਤਿਲਾਂ ਦੀਆਂ ਲਾਸ਼ਾਂ ਬਾਰੇ ਗੁਰਮੁਖ ਸਿੰਘ ਕਾਤਿਲ ਦੇ ਚਾਚੇ ਚੰਦ ਸਿੰਘ ਨੂੰ, ਜਿਹੜਾ ਫ਼ਾਂਸੀ ਦੇ ਸਮੇਂ ਹਾਜ਼ਿਰ ਸੀ, ਕਿਹਾ ਗਿਆ ਕਿ ਉਹ ਆਪਣੇ ਪਿੰਡ ਲਿਜਾ ਕੇ ਉਹਨਾਂ ਦਾ ਦਾਹ-ਸੰਸਕਾਰ ਕਰ ਦੇਵੇ। ਉਹ ਤਿੰਨਾਂ ਕਾਤਿਲਾਂ ਦੀਆਂ ਲਾਸ਼ਾਂ ਨੂੰ ਗੱਡੇ ਵਿਚ ਲੱਦ ਕੇ ਪਿੰਡ ਪਿੱਥੋ ਨੂੰ ਰਵਾਨਾ ਹੋ ਗਿਆ ਹੈ।"

ਮੇਰੇ ਬਾਪੂ ਜੀ ਆਪਣੇ ਬਚਪਨ ਵਿਚ ਸੁਣੀਆਂ ਹੋਈਆਂ ਗੱਲਾਂ ਦੱਸਿਆ ਕਰਦੇ ਸਨ ਕਿ ਤਿੰਨੇ ਚਿਤਾਵਾਂ ਬਿਲਕੁਲ ਨਾਲ-ਨਾਲ ਚਿਣੀਆਂ ਗਈਆਂ, ਜਿਸ ਕਰਕੇ ਉਹ ਇਕ ਵੱਡੀ ਸਾਂਝੀ ਚਿਤਾ ਵਾਂਗ ਹੋ ਗਈਆਂ। ਉਹਨਾਂ ਨੇ ਮੈਨੂੰ ਪਿੰਡ ਦੇ ਸਿਵਿਆਂ ਵਿਚ ਚਿਤਾਵਾਂ ਨਾਲ ਰੜ੍ਹੀ ਹੋਈ ਥਾਂ ਵੀ ਦਿਖਾਈ ਸੀ ਜਿਸ ਉੱਤੇ ਮਗਰੋਂ ਕੋਈ ਹੋਰ ਚਿਤਾ ਨਹੀਂ ਸੀ ਬਾਲ਼ੀ ਗਈ। ਪੰਜ ਮਹੀਨਿਆਂ ਮਗਰੋਂ ਮਲੇਰਕੋਟਲੇ ਵਿਖੇ ਸ਼ਹੀਦ ਹੋਏ ਨਾਮਧਾਰੀ ਹੀਰਾ ਸਿੰਘ ਦੀ ਤਾਂ ਇਥੇ ਕੀ, ਕਿਤੇ ਵੀ ਚਿਤਾ ਬਲ਼ੀ ਹੀ ਨਾ! ਜੇ ਉਹਦੀ ਦੇਹ ਪਿੰਡ ਪੁੱਜਦੀ, ਸ਼ਾਇਦ ਉਹਦਾ ਸਸਕਾਰ ਵੀ ਉਸ ਥਾਂ ਹੀ ਕੀਤਾ ਜਾਂਦਾ। ਉਹਨਾਂ ਦੀ ਸ਼ਹੀਦੀ ਨੂੰ ਸਤਿਕਾਰਦਿਆਂ ਹੁਣ ਸੁਹਣੀ ਯਾਦਗਾਰ ਉਸਾਰ ਦਿੱਤੀ ਗਈ ਹੈ।

ਰਾਇਕੋਟ ਦੇ ਕਾਰਨਾਮੇ ਦੇ ਤਿੰਨਾਂ ਸੂਰਬੀਰਾਂ ਨੂੰ ਵੀਹ ਦਿਨਾਂ ਦੇ ਅੰਦਰ-ਅੰਦਰ, ਖੁੱਲ੍ਹੇ-ਆਮ, ਵੱਡੀ ਗਿਣਤੀ ਵਿਚ ਲੋਕਾਂ ਦੇ ਦੇਖਦਿਆਂ, ਫਾਂਸੀ ਦੇਣ ਦਾ ਅੰਗਰੇਜ਼ ਦਾ ਮੰਤਵ ਇਹ ਦਰਸਾਉਣਾ ਸੀ ਕਿ ਉਹ ਆਪਣੇ ਗ਼ੁਲਾਮ ਲੋਕਾਂ ਨੂੰ ਦਿੱਤੇ ਗਏ ਕਿਸੇ ਹੁਕਮ ਦੀ, ਕਿਸੇ ਵੀ ਬਹਾਨੇ, ਉਲੰਘਣਾ ਬਰਦਾਸ਼ਤ ਨਹੀਂ ਕਰਨਗੇ। ਪਰ, ਜਿਵੇਂ ਇਹਨਾਂ ਫਾਂਸੀਆਂ ਦੇ ਛੇ ਮਹੀਨੇ ਪੂਰੇ ਹੋਣ ਤੋਂ ਵੀ ਪਹਿਲਾਂ ਮਾਲੇਰਕੋਟਲੇ ਦੀ ਬਹੁਤ ਵੱਡੀ ਘਟਨਾ ਵਾਪਰੀ, ਉਸ ਤੋਂ ਪਤਾ ਲੱਗਦਾ ਹੈ ਕਿ ਅੰਗਰੇਜ਼ ਦਾ ਇਹ ਮਨੋਰਥ ਪੂਰਾ ਨਹੀਂ ਸੀ ਹੋਇਆ। ਇਸ ਦਾ ਇਕ ਸਬੂਤ ਤਾਂ ਸਾਡੇ ਪਿੰਡ ਪਿੱਥੋ ਤੋਂ ਹੀ ਮਿਲਦਾ ਹੈ। ਰਾਇਕੋਟ ਦੇ ਸ਼ਹੀਦਾਂ ਦੇ ਸਿਵੇ ਅਜੇ ਠੰਢੇ ਵੀ ਨਹੀਂ ਸਨ ਹੋਏ ਕਿ ਸਾਡੇ ਪਿੰਡ ਦਾ ਇਕ ਹੋਰ ਨਾਮਧਾਰੀ ਹੀਰਾ ਸਿੰਘ ਪੁੱਤਰ ਵੀਰ ਸਿੰਘ ਮਲੇਰਕੋਟਲੇ ਵਾਲ਼ੇ ਯੋਧਿਆਂ ਵਿਚ ਸ਼ਾਮਲ ਹੋ ਗਿਆ। ਮਲੇਰਕੋਟਲੇ ਦੀ ਘਟਨਾ ਦੀਆਂ ਕਈ ਗੱਲਾਂ ਧਿਆਨ ਦੇਣ ਵਾਲੀਆਂ ਹਨ।

ਇਕ ਤਾਂ ਬੁੱਚੜਖਾਨੇ ਖੋਲ੍ਹਣ ਦੀ ਖੁੱਲ੍ਹ ਨੇ ਮੁਸਲਮਾਨਾਂ ਦਾ ਕਾਫ਼ੀ ਵੱਡਾ ਹਿੱਸਾ ਅੰਗਰੇਜ਼ ਦਾ ਵਫ਼ਾਦਾਰ ਬਣਾ ਦਿੱਤਾ ਸੀ। ਇਸੇ ਅੰਗਰੇਜ਼-ਭਗਤੀ ਕਰਕੇ ਇਕ ਮੁਸਲਮਾਨ ਜੱਜ ਨੇ ਅਣਗੌਲ਼ੀ ਕੀਤੀ ਜਾਣ ਵਾਲੀ, ਮੂਲੋਂ ਹੀ ਅਨਹੋਈ ਘਟਨਾ ਨੂੰ ਜਾਣ-ਬੁੱਝ ਕੇ ਏਡਾ ਭਿਆਨਕ ਰੂਪ ਦਿੱਤਾ। ਗੱਲ ਸਿਰਫ਼ ਏਨੀ ਸੀ ਕਿ ਸਬਜ਼ੀਆਂ ਦੇ ਕੰਮ-ਧੰਦੇ ਵਾਲ਼ਾ ਇਕ ਮੁਸਲਮਾਨ ਰਾਈਂ ਆਪਣੇ ਬਲ੍ਹਦ ਨੂੰ ਬੇਰਹਿਮੀ ਨਾਲ ਕੁੱਟ ਰਿਹਾ ਸੀ। ਇਹ ਦੇਖ ਕੇ ਗੁਰਮੁਖ ਸਿੰਘ ਨਾਂ ਦੇ ਇਕ ਨਾਮਧਾਰੀ ਨੇ ਉਹਨੂੰ ਸਮਝਾਊ ਢੰਗ ਨਾਲ ਕਿਹਾ ਕਿ ਉਹ ਬੇਜ਼ਬਾਨ ਉੱਤੇ ਜ਼ੁਲਮ ਕਿਉਂ ਕਰ ਰਿਹਾ ਹੈ? ਰਾਈਂ ਦੇ ਗੁਸੈਲ ਜਵਾਬ ਤੋਂ

ਹੋਈ ਤੂੰ-ਤੂੰ, ਮੈਂ-ਮੈਂ ਕਾਰਨ ਗੁਰਮੁਖ ਸਿੰਘ ਨੂੰ ਦੋਸ਼ੀ ਬਣਾ ਕੇ ਜੱਜ ਦੇ ਸਾਹਮਣੇ ਪੇਸ਼ ਕਰ ਦਿੱਤਾ ਗਿਆ।

ਮੁਸਲਮਾਨ ਜੱਜ ਨੇ ਇਸ ਮਾਮੂਲੀ ਤਕਰਾਰ ਉੱਤੇ ਠੰਢਾ ਛਿੜਕਣ ਦੀ ਥਾਂ ਫ਼ੈਸਲਾ ਸੁਣਾਇਆ ਕਿ ਉਹੋ ਬਲ੍ਹਦ ਲਿਆਉ ਤੇ ਇਸ ਨਾਮਧਾਰੀ ਦੇ ਸਾਹਮਣੇ ਹਲਾਲ ਕਰੋ। ਅਗਲੇ ਦਿਨ ਗੁਰਮੁਖ ਸਿੰਘ ਨੇ ਭੈਣੀ ਸਾਹਿਬ ਪਹੁੰਚ ਕੇ ਸਾਰੀ ਦਰਦ-ਕਹਾਣੀ ਆਖ ਸੁਣਾਈ। ਨਾਮਧਾਰੀਆਂ ਵਿਚ ਗੁੱਸੇ ਦਾ ਉਬਾਲ ਆਉਣਾ ਕੁਦਰਤੀ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਵਚਨ ਕੀਤੇ, ਜੇ ਤੁਸੀਂ ਸਿਰਫ਼ ਇਕ ਸਾਲ ਵਾਸਤੇ ਆਪਣੇ ਜਜ਼ਬੇ ਕਾਬੂ ਰੱਖ ਸਕੋ, ਮੈਂ ਉਹ ਮਨੋਰਥ ਹਥਿਆਰਾਂ ਦੀ ਮਦਦ ਤੋਂ ਬਿਨਾਂ ਹਾਂਸਿਲ ਕਰ ਦਿਆਂਗਾ, ਜੀਹਦੇ ਲਈ ਤੁਸੀਂ ਆਪਣੀਆਂ ਭਗੌਤੀਆਂ ਮਿਆਨਾਂ ਵਿਚੋਂ ਧੂਹ ਰਹੇ ਹੋ।

ਗੁਰਮੁਖ ਸਿੰਘ ਨੇ ਆਖਿਆ, ਰਾਤੀਂ ਸਾਨੂੰ ਸੁਪਨੇ ਵਿਚ ਗੁਰੂ ਤੇਗ਼ ਬਹਾਦਰ ਜੀ ਨੇ ਦਰਸ਼ਨ ਦੇ ਕੇ ਜ਼ੁਲਮ ਨਾਲ ਟੱਕਰ ਲੈਣ ਦੇ ਆਦੇਸ਼ ਦਿੱਤੇ ਹਨ। ਇਹ ਸੁਣ ਕੇ ਸਤਿਗੁਰੂ ਰਾਮ ਸਿੰਘ ਜੀ ਬੋਲੇ, ਜੇ ਇਹ ਗੱਲ ਹੈ ਤਾਂ ਗੁਰੂ ਜੀ ਦਾ ਆਦੇਸ਼ ਤਾਂ ਅਣਡਿੱਠ ਨਹੀਂ ਕੀਤਾ ਜਾ ਸਕਦਾ। 13 ਜਨਵਰੀ 1872 ਨੂੰ ਕੋਈ ਡੇਢ ਸੌ ਨਾਮਧਾਰੀ ਸ਼ਸਤਰਾਂ ਨਾਲ ਲੈਸ ਹੋ ਕੇ ਉਸ ਜਨੂੰਨੀ ਮੁਸਲਮਾਨ ਜੱਜ ਤੋਂ ਬਦਲਾ ਲੈਣ ਤੁਰ ਪਏ। ਮਲੇਰਕੋਟਲੇ ਦੇ ਅਮਲੇ-ਫੈਲੇ ਨਾਲ ਟੱਕਰ ਤਾਂ ਹੋਣੀ ਹੀ ਸੀ। ਇਸ ਟਕਰਾਉ ਵਿਚ ਦੋਵਾਂ ਧਿਰਾਂ ਦਾ ਬਹੁਤ ਜਾਨੀ ਨੁਕਸਾਨ ਹੋਇਆ। 66 ਸਿਦਕੀ-ਸਿਰੜੀ ਨਾਮਧਾਰੀਆਂ ਨੇ ਜਾਨਾਂ ਬਚਾਉਣ ਲਈ ਭੱਜਣ ਦੀ ਥਾਂ ਕਥਿਤ ਅਦਾਲਤ ਦਾ ਸਾਹਮਣਾ ਕਰਨ ਦਾ ਫ਼ੈਸਲਾ ਕੀਤਾ, ਜਿਸ ਵਿਚ ਸ਼ਹੀਦੀਆਂ ਦਾ ਯਕੀਨੀ ਹੋਣਾ ਉਹ ਜਾਣਦੇ ਸਨ।

ਅਮਗਰੇਜ਼ ਰਾਜ ਦੇ ਨੇੜਲੇ ਜ਼ਿਲੇ ਲੁਧਿਆਣਾ ਦਾ ਡਿਪਟੀ ਕਮਿਸ਼ਨਰ ਕਾਵਨ ਬਦਨਾਮ ਵਹਿਸ਼ੀ ਸੀ, ਜੋ ਆਪਣੇ ਹੀ ਕਾਨੂੰਨ ਦੀ ਵੀ ਕੱਖ ਪਰਵਾਹ ਨਹੀਂ ਸੀ ਕਰਦਾ। ਭਾਵੇਂ ਹੋਰ ਰਿਆਸਤਾਂ ਵਾਂਗ ਮਾਲੇਰਕੋਟਲਾ ਰਿਆਸਤ ਵੀ ਅੰਗਰੇਜ਼ ਰਾਜ ਦਾ ਅੰਗ ਨਹੀਂ ਸੀ, ਤਾਂ ਵੀ ਅੰਗਰੇਜ਼ ਇਹਨਾਂ ਰਿਆਸਤਾਂ ਵਿਚ ਖੁੱਲ੍ਹਾ ਦਖ਼ਲ ਦਿੰਦੇ ਸਨ। ਕਾਵਨ ਨੇ ਉਥੇ ਪਹੁੰਚ ਕੇ ਇਹ ਮਾਮਲਾ ਸਿੱਧਾ ਆਪਣੇ ਹੱਥ ਲੈ ਲਿਆ। ਰਾਇਕੋਟ ਦੇ ਸੰਬੰਧ ਵਿਚ ਅੰਗਰੇਜ਼ਾਂ ਨੇ ਘੱਟੋ-ਘੱਟ ਕਾਨੂੰਨ ਦਾ ਢਕਵੰਜ ਤਾਂ ਰਚਿਆ ਸੀ। ਦਿਖਾਵੇ ਲਈ ਹੀ ਸਹੀ, ਮੁਕੱਦਮਾ ਮੈਜਿਸਟਰੇਟ ਤੋਂ ਸੈਸ਼ਨ ਜੱਜ ਵਿਚੋਂ ਦੀ ਹੁੰਦਾ ਹੋਇਆ ਅੰਤ ਨੂੰ ਚੀਫ਼ ਕੋਰਟ ਪੁੱਜਿਆ ਸੀ। ਇਥੇ ਕਾਵਨ ਨੇ ਉਸੇ ਵੇਲ਼ੇ ਹੁਕਮ ਦਿੱਤਾ ਕਿ ਕੈਦੀ ਉਹਦੇ ਸਾਹਮਣੇ ਲਿਆਂਦੇ ਜਾਣ। ਕਥਿਤ ਕਾਨੂੰਨ ਦਾ ਵਿਖਾਵਾ ਕਰਨ ਦੀ ਵੀ ਕੋਈ ਲੋੜ ਨਾ ਸਮਝਦਿਆਂ ਉਹਨੇ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦੇਣ ਦਾ ਹੁਕਮ ਦੇ ਦਿੱਤਾ। 17 ਜਨਵਰੀ 1872 ਨੂੰ ਸੱਤ ਤੋਪਾਂ ਬੀੜ ਕੇ ਸੱਤ ਵਾਰ ਵਿਚ 49 ਨਾਮਧਾਰੀ ਸਿੱਖ ਉਡਾ ਦਿੱਤੇ ਗਏ।

ਉਸ ਦਿਨ ਲਿਆਂਦਾ ਗਿਆ 50ਵਾਂ 'ਦੋਸ਼ੀ' 12 ਸਾਲ ਦਾ ਬਿਸ਼ਨ ਸਿੰਘ ਸੀ, ਜਿਸ ਨੂੰ ਦੇਖ ਕੇ ਕਾਵਨ ਦੀ ਪਤਨੀ ਨੇ ਰਹਿਮ ਕਰਨ ਲਈ ਆਖਿਆ। ਕਾਵਨ ਨੇ ਕਿਹਾ, ਇਸ ਨੂੰ ਛੱਡ ਦਿੰਦੇ ਹਾਂ, ਪਰ ਜੇ ਇਹ ਆਖ ਦੇਵੇ ਕਿ ਇਹ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ। ਬਾਲ ਬਿਸ਼ਨ ਸਿੰਘ ਏਨਾ ਸੁਣਦਿਆਂ ਹੀ ਕਾਵਨ ਦੀ ਲੰਮੀ ਦਾੜ੍ਹੀ ਨੂੰ ਚਿੰਬੜ ਗਿਆ। ਵਾਲ ਪੁੱਟੇ ਬਿਨਾਂ ਦਾੜ੍ਹੀ ਛੁਡਵਾਉਣ ਵਿਚ ਅਸਫ਼ਲ ਹੋ ਉਹਦੀਆਂ ਬਾਂਹਾਂ ਵੱਢ ਕੇ ਫੇਰ ਬਾਕੀ ਸਰੀਰ ਦੇ ਵੀ ਟੁਕੜੇ ਕਰ ਦਿੱਤੇ ਗਏ। ਇਉਂ ਉਹ ਉਸ ਦਿਨ ਦਾ 50 ਵਾਂ ਸ਼ਹੀਦ ਬਣਿਆ। ਅਗਲੇ ਦਿਨ, 18 ਜਨਵਰੀ ਨੂੰ ਬਾਕੀ 16 ਨਾਮਧਾਰੀ ਸਿੱਖ ਵੀ ਤੋਪਾਂ ਨਾਲ ਉਡਾ ਦਿੱਤੇ ਗਏ, ਜਿਨ੍ਹਾਂ ਵਿਚ ਮੇਰੇ ਪਿੰਡ ਪਿੱਥੋ ਦਾ ਨੌਜਵਾਨ ਹੀਰਾ ਸਿੰਘ ਵੀ ਸੀ।

ਇਤਿਹਾਸਕਾਰ ਸੁਵਰਨ ਸਿੰਘ ਵਿਰਕ ਦਸਦੇ ਹਨ ਕਿ ਤੋਪਾਂ ਦੇ ਉਡਾਏ ਸਰੀਰਾਂ ਦੇ ਦੂਰ-ਦੂਰ ਤੱਕ ਖਿੰਡੇ ਟੁੱਕੜਿਆਂ ਨੂੰ ਚੁਗ-ਹੂੰਝ ਕੇ ਨੇੜੇ ਦੇ ਇਕ ਖੂਹ ਵਿਚ ਸੁੱਟਣ ਦਾ ਹੁਕਮ ਦੇ ਦਿੱਤਾ ਗਿਆ ਅਤੇ ਉਸ ਖੂਹ ਨੂੰ ਮਿੱਟੀ ਨਾਲ ਪੂਰ ਕੇ ਉਹਦੀ ਹੋਂਦ ਮਿਟਾ ਦਿੱਤੀ ਗਈ। ਉਹਨਾਂ ਸਮਿਆਂ ਵਿਚ ਕਿਸੇ ਨੇ ਏਨੀ ਲੋੜ ਜਾਂ ਸਮਝ ਨਾ ਦਿਖਾਈ ਕਿ ਉਸ ਖੂਹ ਦੀ ਨਿਸ਼ਾਨਦੇਹੀ ਸੰਭਾਲ ਲਈ ਜਾਂਦੀ, ਹੁਣ ਪੀੜ੍ਹੀਆਂ ਬਦਲ ਜਾਣ ਕਾਰਨ ਇਹ ਕਾਰਜ ਅਸੰਭਵ ਹੋ ਗਿਆ ਹੈ। ਹੁਣ ਇਹਨਾਂ 66 ਸ਼ਹੀਦਾਂ ਦੀ ਯਾਦ ਵਿਚ ਮਾਲੇਰਕੋਟਲਾ ਵਿਖੇ 66 ਫੁੱਟ ਉੱਚਾ ਖੰਡਾ ਸਿਰਜਿਆ ਗਿਆ ਹੈ, ਜਿਸ ਵਿਚ ਤੋਪ ਦੇ 66 ਗੋਲ਼ਿਆਂ ਦੀਆਂ ਪ੍ਰਤੀਕ 66 ਮੋਰੀਆਂ ਹਨ।

ਦੋ ਜਣਿਆਂ ਦੀ ਮਾਮੂਲੀ ਤਕਰਾਰ ਦੀ ਦੁਰਵਰਤੋਂ ਕਰ ਕੇ ਅੰਗਰੇਜ਼ਾਂ ਨੇ ਆਮ ਲੋਕਾਂ ਨੂੰ ਸਰਕਾਰ ਦਾ ਵਿਰੋਧ ਕਰਨ ਵਾਲਿਆਂ ਦੇ ਭਿਆਨਕ ਹਸ਼ਰ ਦਾ ਸੁਨੇਹਾ ਤਾਂ ਦੇਣਾ ਹੀ ਚਾਹਿਆ, ਮੌਕੇ ਦਾ ਇਕ ਹੋਰ ਵੱਡਾ

ਲਾਹਾ ਵੀ ਲੈ ਲਿਆ। ਰਣਜੀਤ ਸਿੰਘ ਦੇ ਰਾਜ ਦੇ ਖ਼ਾਤਮੇ ਮਗਰੋਂ ਉਸ ਦੇ ਛੋਟੇ-ਵੱਡੇ ਕਰਤਿਆਂ-ਧਰਤਿਆਂ ਦੀ ਪਾਟੋਧਾੜ ਨੇ ਪੰਜਾਬੀ ਲੋਕਾਂ ਨੂੰ ਪੂਰੀ ਤਰ੍ਹਾਂ ਬੇਦਿਲ ਕਰ ਦਿੱਤਾ ਸੀ। ਇਸ ਨਿਰਾਸ਼ਾਜਨਕ ਮਾਹੌਲ ਵਿਚ ਪੰਜਾਬੀਆਂ ਦੇ ਆਗੂ ਵਜੋਂ ਸਤਿਗੁਰੂ ਰਾਮ ਸਿੰਘ ਜੀ ਆਸ ਦੀ ਕਿਰਨ ਬਣ ਕੇ ਉੱਭਰੇ। ਇਹ ਤੱਥ ਜਾਣਦਿਆਂ ਫ਼ਿਕਰਮੰਦ ਅੰਗਰੇਜ਼ ਕਾਫ਼ੀ ਸਮੇਂ ਤੋਂ ਇਸ ਭਵਿੱਖੀ ਖ਼ਤਰੇ ਨੂੰ ਹੋਰ ਵਧਣ ਤੋਂ ਪਹਿਲਾਂ ਹੀ ਖ਼ਤਮ ਕਰਨ ਦੀਆਂ ਵਿਉਂਤਾਂ ਬਣਾ ਰਹੇ ਸਨ।

ਸਤਿਗੁਰੂ ਜੀ ਨੂੰ ਰਾਇਕੋਟ ਦੇ ਮੁਕੱਦਮੇ ਵਿਚ ਵੀ ਪੁੱਛ-ਪੜਤਾਲ ਲਈ ਬੁਲਾਇਆ ਗਿਆ ਸੀ, ਪਰ ਅੰਗਰੇਜ਼ਾਂ ਨੂੰ ਕੋਈ ਬਹਾਨਾ ਨਹੀਂ ਸੀ ਮਿਲ ਸਕਿਆ ਕਿਉਂਕਿ ਬੁੱਚੜਾਂ ਨੂੰ ਮਾਰਨ ਵਾਲ਼ੇ ਨਾਮਧਾਰੀ ਭੈਣੀ ਸਾਹਿਬ ਹੋ ਕੇ ਨਹੀਂ ਸਨ ਆਏ। ਹੁਣ ਮਲੇਰਕੋਟਲੇ ਪਹੁੰਚਿਆ ਸਾਰਾ ਜਥਾ ਤੁਰਿਆ ਹੀ ਭੈਣੀ ਸਾਹਿਬ ਤੋਂ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ 17 ਜਨਵਰੀ ਦੀ ਰਾਤ ਨੂੰ ਹੀ ਬੰਦੀ ਬਣਾ ਕੇ ਅਗਲੇ ਦਿਨ ਅਲਾਹਾਬਾਦ ਲੈ ਜਾਇਆ ਗਿਆ ਤੇ ਅੰਤ ਨੂੰ ਮਾਰਚ 1872 ਵਿਚ ਰੰਗੂਨ ਭੇਜ ਦਿੱਤਾ ਗਿਆ। ਇਸ ਤਰ੍ਹਾਂ ਪੰਜਾਬ ਤੇ ਪੰਜਾਬੀਆਂ ਨਾਲ ਉਹਨਾਂ ਦਾ ਕੋਈ ਸੰਪਰਕ ਲਗਭਗ ਅਸੰਭਵ ਬਣਾ ਦਿੱਤਾ ਗਿਆ। ਸਿਰਫ਼ ਕੁਝ ਸਿਰੜੀ ਨਾਮਧਾਰੀ ਕਦੀ-ਕਦਾਈਂ ਲੁਕ-ਛਿਪ ਕੇ ਉਹਨਾਂ ਤੱਕ ਪੁੱਜਦੇ ਰਹੇ ਤੇ ਉਹਨਾਂ ਦੇ ਸੁੱਖ-ਸੁਨੇਹੇ ਤੇ ਹੁਕਮਨਾਮੇ ਲਿਆਉਂਦੇ ਰਹੇ।

ਇਹ ਸਭ ਕੁਝ ਕਿੰਨਾ ਬੇਕਾਨੂੰਨਾ ਤੇ ਉਪੱਦਰੀ ਸੀ, ਕਈ ਅੰਗਰੇਜ਼ ਵੀ ਜਾਣਦੇ-ਸਮਝਦੇ ਸਨ। ਸਰ ਹੈਨਰੀ ਕਾਟਨ ਦੀ ਲਿਖਤ ਨੂੰ ਇਕ ਮਿਸਾਲ ਵਜੋਂ ਲਿਆ ਜਾ ਸਕਦਾ ਹੈ। ਉਹ ਅੰਗਰੇਜ਼ ਮਾਪਿਆਂ ਦੇ ਘਰ ਮਦਰਾਸ ਵਿਖੇ 1845 ਵਿਚ ਜਨਮਿਆ ਸੀ। 1867 ਵਿਚ ਆਈ. ਸੀ. ਐੱਸ. ਕਰ ਕੇ ਭਾਰਤ ਪਰਤਿਆ ਤਾਂ ਉਹਦੀ ਨਿਯੁਕਤੀ ਬੰਗਾਲ ਵਿਚ ਹੋਈ। ਹਿੰਦੁਸਤਾਨੀਆਂ ਵੱਲ ਉਹਦਾ ਰਵਈਆ ਸ਼ੁਰੂ ਤੋਂ ਨਰਮ ਸੀ। ਸੇਵਾ ਮੁਕਤ ਹੋਣ ਮਗਰੋਂ 1904 ਵਿਚ ਉਹ ਇੰਡੀਅਨ ਨੈਸ਼ਨਲ ਕਾਂਗਰਸ ਦਾ ਪ੍ਰਧਾਨ ਵੀ ਬਣਿਆ।

ਇੰਗਲੈਂਡ ਜਾ ਕੇ ਉਹ 1906 ਵਿਚ ਮੈਂਬਰ ਪਾਰਲੀਮੈਂਟ ਚੁਣਿਆ ਗਿਆ। ਉਹਨੇ ਹਿੰਦੁਸਤਾਨ ਦੇ ਹਮਦਰਦ ਪਾਰਲੀਮੈਂਟ ਮੈਂਬਰਾਂ ਦਾ ਇਕ ਗਰੁੱਪ ਬਣਾਇਆ ਤੇ 'ਇੰਡੀਅਨ ਹੋਮ ਰੂਲ' ਦੀ ਹਮਾਇਤ ਕੀਤੀ। ਨਤੀਜੇ ਵਜੋਂ ਉਹਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਹ 1910 ਦੀ ਚੋਣ ਵੀ ਹਾਰ ਗਿਆ। 1915 ਵਿਚ ਉਹ ਚਲਾਣਾ ਕਰ ਗਿਆ। ਆਪਣੀ ਪੁਸਤਕ 'ਇੰਡੀਅਨ ਐਂਡ ਹੋਮ ਮੈਮਰੀਜ਼' ਵਿਚ ਉਹ ਇਹਨਾਂ ਨਾਮਧਾਰੀ ਸ਼ਹੀਦੀਆਂ ਬਾਰੇ ਲਿਖਦਾ ਹੈ, "ਜਿਥੋਂ ਤੱਕ ਮੇਰਾ ਸੰਬੰਧ ਹੈ, ਹਿੰਦੁਸਤਾਨ ਦੀ ਨੌਕਰੀ ਸਮੇਂ ਦੀ ਕੋਈ ਵੀ ਹੋਰ ਘਟਨਾ ਮੈਨੂੰ ਚੇਤੇ ਨਹੀਂ ਆਉਂਦੀ ਜੋ ਮੌਤ ਦੀ ਇਸ ਸਜ਼ਾ ਤੋਂ ਵੱਧ ਘਿਣਾਉਣੀ ਤੇ ਦਿਲ ਦਹਿਲਾ ਦੇਣ ਵਾਲ਼ੀ ਹੋਵੇ। ਬਥੇਰੇ ਹੋਰ ਸਨ ਜੋ ਮੇਰੇ ਵਾਂਗ ਸੋਚਦੇ ਸਨ ਤੇ ਅਜੇ ਵੀ ਇਸ ਵਿਚਾਰ ਦੇ ਹਨ ਕਿ ਰਾਜ ਪ੍ਰਬੰਧ ਦੇ ਅੰਤਲੇ ਹੁਕਮ ਅਫ਼ਸੋਸਨਾਕ ਹੱਦ ਤੱਕ ਊਣੇ-ਹੀਣੇ ਸਨ!"

ਇਹ ਤੱਥ ਧਿਆਨ ਖਿਚਦਾ ਤੇ ਜਗਿਆਸਾ ਜਗਾਉਂਦਾ ਹੈ ਕਿ ਨਾਮਧਾਰੀ ਲਹਿਰ ਦੇ ਉਹਨਾਂ ਮੁੱਢਲੇ ਦਿਨਾਂ ਵਿਚ ਭੈਣੀ ਸਾਹਿਬ ਤੋਂ ਏਨੀ ਦੂਰ ਦੇ ਸਾਡੇ ਪਿੰਡ ਪਿੱਥੋ ਦੇ ਸਾਧਾਰਨ ਕਿਸਾਨ ਪਰਿਵਾਰਾਂ ਨਾਲ ਸੰਬੰਧਿਤ ਕੁਝ ਲੋਕ ਏਨੇ ਸਿਦਕੀ-ਸਿਰੜੀ ਹੋ ਕੇ ਉਸ ਲਹਿਰ ਨਾਲ ਕਿਵੇਂ ਜੁੜ ਗਏ। ਮੇਰਾ ਲੱਖਣ ਹੈ ਕਿ ਇਹਨਾਂ ਸਭਨਾਂ ਦੀ ਪ੍ਰੇਰਨਾ ਸਾਡੇ ਪਿੰਡ ਦਾ ਪਹਿਲਾ ਨਾਮਧਾਰੀ, ਸੂਬਾ ਹੁਕਮਾ ਸਿੰਘ ਸੀ, ਜੋ ਇਹਨਾਂ ਸਭ ਨਾਲੋਂ ਉਮਰੋਂ ਕੁਝ ਸਾਲ ਵੱਡਾ ਸੀ।

ਹੁਕਮਾ ਸਿੰਘ ਦੀ ਪਿੱਥੋ ਤੋਂ ਭੈਣੀ ਸਾਹਿਬ ਤੱਕ ਦੀ ਸਰੀਰਕ ਤੇ ਮਾਨਸਿਕ-ਧਾਰਮਿਕ ਯਾਤਰਾ ਸਮਝ ਆਉਂਦੀ ਹੈ। ਘਰੋਂ ਉਹ ਇਕ ਸਾਧਾਰਨ ਜਗਿਆਸੂ ਦੇ ਰੂਪ ਵਿਚ ਨਿਕਲਿਆ ਅਤੇ ਨਿਰਮਲਿਆਂ ਦੇ ਇਕ ਡੇਰੇ ਵਿਚ ਜਾ ਟਿਕਿਆ। ਉਥੇ ਹੀ ਉਹਨੇ ਪੰਜਾਬੀ ਪੜ੍ਹਨੀ-ਲਿਖਣੀ ਸਿੱਖੀ। ਜਾਪਦਾ ਹੈ, ਪੰਜਾਬ ਵਿਚ ਫੈਲ ਰਹੀ ਸਤਿਗੁਰੂ ਰਾਮ ਸਿੰਘ ਜੀ ਦੀ ਸੋਭਾ ਉਸ ਤੱਕ ਪਹੁੰਚੀ ਤਾਂ ਉਹਨੇ ਓਧਰ ਦਾ ਰੁਖ਼ ਕਰ ਲਿਆ। ਛੇਤੀ ਹੀ ਉਹ ਸਤਿਗੁਰੂ ਜੀ ਦਾ ਬੋਲਿਆ ਲਿਖਣ ਵਾਲ਼ਾ ਚਿੱਠੀਆਂ, ਹੁਕਮਨਾਮਿਆਂ ਤੇ ਵਚਨਾਂ ਆਦਿ ਦਾ ਲਿਖਾਰੀ ਬਣ ਗਿਆ ਤੇ ਫੇਰ ਸੂਬਾ ਥਾਪ ਦਿੱਤਾ ਗਿਆ। ਇਹਨਾਂ ਚਾਰਾਂ ਨੌਜਵਾਨਾਂ ਦੇ ਨਾਮਧਾਰੀ ਸਜਣ ਦਾ ਆਧਾਰ ਤੇ ਵਸੀਲਾ ਸਿਰਫ਼ ਸੂਬਾ ਹੁਕਮਾ ਸਿੰਘ ਦੀ ਮਿਸਾਲ ਤੇ ਪ੍ਰੇਰਨਾ ਹੀ ਹੋ ਸਕਦੀ ਹੈ। ਕੁਝ ਵੀ ਹੋਵੇ, ਸੂਬਾ ਹੁਕਮਾ ਸਿੰਘ ਨੇ ਵੀ ਅੰਗਰੇਜ਼ ਦੇ ਜ਼ੁਲਮ ਸਹੇ ਅਤੇ ਇਹ ਚਾਰੇ ਤਾਂ ਆਪਣੀਆਂ ਜਵਾਨੀਆਂ ਵਾਰ ਕੇ ਇਤਿਹਾਸ ਵਿਚ ਅਮਰ ਹੀ ਹੋ ਗਏ!

(ਸੰਪਰਕ: 011-42502364)

# ਜੰਗੇ-ਏ-ਆਜ਼ਾਦੀ ਹਿੰਦੋਸਤਾਨ

## (ਅਗਸਤ ਮਹੀਨੇ ਦੇ ਸੰਗਰਾਮੀ ਅਤੇ ਸ਼ਹੀਦੀ ਯੋਧੇ)

- ਮਨਮੋਹਨ ਸਿੰਘ ਪੂਨੀ (ਨਿਊਯਾਰਕ)

ਪਹਿਲੀ ਅਗਸਤ 1857 ਨੂੰ ਮੀਆਂਮੀਰ ਛਾਉਣੀ ਦੀ 26-ਨੇਟਿਵ ਇਨਫੈਂਟਰੀ ਰੈਜੀਮੈਂਟ ਦੇ 282 ਫੌਜੀਆਂ ਨੂੰ ਗੋਲੀਆਂ ਮਾਰ ਕੇ ਕਸਬਾ ਅਜਨਾਲਾ (ਅੰਮ੍ਰਿਤਸਰ) ਦੇ ਖੂਹ 'ਚ ਸੁੱਟ ਦਿੱਤਾ, ਜਿਸ ਨੂੰ ਕਾਲਿਆਂ ਵਾਲੇ ਖੂਹ ਦਾ ਨਾਮ ਦਿੱਤਾ। ਉਹ ਸਾਰੇ ਅੰਗਰੇਜ਼ ਰਾਜ ਤੋਂ ਬਾਗੀ ਫੌਜੀ ਸਨ।

ਪਹਿਲੀ ਅਗਸਤ 1924 ਨੂੰ ਅਰੂੜ ਸਿੰਘ ਪਿੰਡ ਦੇਹਲਾ ( ਲਾਇਲਪੁਰ) ਸ਼ਹੀਦੀ ਪਾ ਗਏ। ਉਹ ਪੰਜਵੇਂ ਜੈਤੋ ਮੋਰਚੇ 'ਚ ਸ਼ਾਮਿਲ ਸਨ ਅਤੇ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

ਪਹਿਲੀ ਅਗਸਤ 1947 ਨੂੰ ਪਾਲ ਸਿੰਘ ਪੁੱਤਰ ਉੱਤਮ ਸਿੰਘ, ਪਿੰਡ ਬੋਪਾਰਾਏ, ਪੱਟੀ (ਅੰਮ੍ਰਿਤਸਰ) ਹੀਟ ਹੋ ਗਏ। ਉਨ੍ਹਾਂ ਫੇਰੂ ਮੋਰਚੇ 'ਚ ਹਿੱਸਾ ਲਿਆ ਤੇ ਛੇ ਮਹੀਨੇ ਜੇਲ੍ਹ ਯਾਤਰਾ ਕੀਤੀ।

2 ਅਗਸਤ 1915 ਨੂੰ ਬੂਟਾ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਅਕਲਪੁਰ (ਰਾਏਕੋਟ, ਲੁਧਿਆਣਾ) ਸ਼ਹੀਦੀ ਜਾਮ ਪੀ ਗਏ। ਉਹ ਗਦਰ ਲਹਿਰ 'ਚ ਕੈਨੇਡਾ ਤੋਂ ਦੇਸ਼ ਆਜ਼ਾਦ ਕਰਾਉਣ ਆਏ ਸਨ।

2 ਅਗਸਤ 1924 ਨੂੰ ਜੈਮਲ ਸਿੰਘ ਪਿੰਡ ਜਬਾਲ (ਲਾਇਲਪੁਰ) ਪੰਜਵੇਂ ਜੈਤੋ ਮੋਰਚੇ ਦੇ ਮੈਂਬਰ ਨਾਭਾ ਬੀੜ ਜੇਲ 'ਚ ਦਮ ਤੋੜ ਗਏ।

2 ਅਗਸਤ 1960 ਨੂੰ ਮੰਗਲ ਸਿੰਘ ਪੁੱਤਰ ਭਗਤ ਸਿੰਘ ਪਿੰਡ ਤੁਰ (ਤਰਨ ਤਾਰਨ) ਸ਼ਹੀਦੀ ਪਾ ਗਏ। ਉਹ ਗੁਰੂ ਕੇ ਮੋਰਚੇ 'ਚ ਸਨ ਅਤੇ ਦੋ ਸਾਲ ਇੱਕ ਮਹੀਨਾ ਲਾਹੌਰ ਤੇ ਅੰਮ੍ਰਿਤਸਰ ਜੇਲ੍ਹ ਯਾਤਰਾ ਕੀਤੀ।

3 ਅਗਸਤ 1924 ਨੂੰ ਹਾਕਮ ਸਿੰਘ (ਭਾਈ) ਪੁੱਤਰ ਚੂਹੜ ਸਿੰਘ ਪਿੰਡ ਮਹੇਨ ( ਅਨੰਦਪੁਰ), ਜੋ ਜੈਤੋ ਮੋਰਚਾ-4 'ਚ ਸਨ, ਨਾਭਾ ਜੇਲ 'ਚ ਸਦੀਵੀ ਵਿਛੋੜਾ ਦੇ ਗਏ।

3 ਅਗਸਤ 1924 ਨੂੰ ਹਰਨਾਮ ਸਿੰਘ ਪੁੱਤਰ ਚੂਹੜ ਰਾਮ ਪਿੰਡ ਮਹਾਰ (ਅਨੰਦਪੁਰ ਸਾਹਿਬ) ਨਾਭਾ ਜੇਲ੍ਹ 'ਚ ਨਮੋਨੀਏ ਨਾਲ ਦਮ ਤੋੜ ਗਏ। ਉਹ ਜੈਤੋਂ ਦੇ ਮੋਰਚੇ 'ਚ ਸਨ।

3 ਅਗਸਤ 1960 ਨੂੰ ਗਦਰੀ ਬਾਬਾ ਬੀਰ ਸਿੰਘ ਪੁੱਤਰ ਮਹਿਤਾਬ ਸਿੰਘ ਪਿੰਡ ਤੇ ਡਾਕਖਾਨਾ ਜੌੜਾ (ਤਰਨ ਤਾਰਨ) ਸ਼ਹੀਦੀ ਪਾ ਗਏ। ਉਨ੍ਹਾਂ ਸਾਢੇ ਪੰਜ ਸਾਲ ਪੀਨਿੰਗ, ਕਲਕੱਤਾ, ਦਿੱਲੀ ਅਤੇ ਲਾਹੌਰ ਜੇਲ੍ਹ ਯਾਤਰਾ ਕੀਤੀ।

4 ਅਗਸਤ 1931 ਨੂੰ ਰਾਮ ਕਿਸ਼ਨ ਵਿਸ਼ਵਾਸ ਅਲੀਪੁਰ ਜੇਲ (ਬੰਗਾਲ) 'ਚ ਸ਼ਹੀਦ ਹੋ ਗਏ।

5 ਅਗਸਤ 1871 ਨੂੰ ਨਾਮਧਾਰੀ ਸਿੱਖ ਸੰਗਤ (ਕੂਕਾ ਲਹਿਰ) ਦੇ ਤਿੰਨ ਸਿੰਘ-ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਤੇ ਸੰਤ ਗੁਰਮੁਖ ਸਿੰਘ ਰਾਏਕੋਟ (ਲੁਧਿਆਣਾ) 'ਚ ਫਾਹੇ ਲਾਏ ਸਨ।

6 ਅਗਸਤ 1924 ਨੂੰ ਸਰਦਾਰ ਸਿੰਘ ਪੁੱਤਰ ਗੋਪਾਲ ਸਿੰਘ ਪਿੰਡ ਬਾਕਸਰ (ਜੇਹਲਮ) ਨਾਭਾ ਬੀਤ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਅਤੇ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਿਲ ਸਨ।

7 ਅਗਸਤ 1962 ਨੂੰ ਭਗਵਾਨ ਸਿੰਘ ਪੁੱਤਰ ਖਜ਼ਾਨ ਸਿੰਘ ਪਿੰਡ ਢੱਢੋਵਾਲ ਮਲੇਰਕੋਟਲਾ (ਸੰਗਰੂਰ) ਸ਼ਹੀਦ ਹੋ ਗਏ। ਉਹ ਪਰਜਾ ਮੰਡਲ ਮੂਵਮੈਂਟ 'ਚ ਸਨ।

8 ਅਗਸਤ 1924 ਨੂੰ ਫੌਜਾ ਸਿੰਘ ਪਿੰਡ ਗਾਗੋਬੂਆ (ਅੰਮ੍ਰਿਤਸਰ) ਨਾਭਾ ਜੇਲ 'ਚ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-5 'ਚ ਸ਼ਾਮਿਲ ਸਨ।

9 ਅਗਸਤ 1915 ਨੂੰ ਹਰਨਾਮ ਸਿੰਘ ਪੁੱਤਰ ਸੰਤ ਸਿੰਘ ਠੱਠੀਖਾਰਾ, ਆਤਮਾ ਸਿੰਘ ਪੱਤਰ ਝੰਡਾ ਸਿੰਘ ਠੱਠੀਖਾਰਾ, ਕਾਲਾ ਸਿੰਘ ਪੁੱਤਰ ਗੁਲਾਬ ਸਿੰਘ ਪਿੰਡ ਜਗਤਪੁਰ ਅਤੇ ਚੰਨਣ ਸਿੰਘ ਪੁੱਤਰ ਬੱਲ ਸਿੰਘ ਪਿੰਡ ਬੂੜ ਚੰਦ (ਸਾਰੇ ਅੰਮ੍ਰਿਤਸਰ) ਨੂੰ ਲਾਹੌਰ ਜੇਲ 'ਚ ਫਾਂਸੀ ਦੇ ਦਿੱਤੀ ਗਈ। ਉਹ ਵੱਲਾ ਪੁੱਲ ਸਾਕੇ 'ਚ ਸ਼ਾਮਿਲ ਸਨ।

9 ਅਗਸਤ 1940 ਨੂੰ ਗੁਰਚਰਨ ਸਿੰਘ ਪੁੱਤਰ ਬਲਵੰਤ ਸਿੰਘ ਪਿੰਡ ਚੌਗਾਵਾਂ, ਅੰਮ੍ਰਿਤਸਰ ਸ਼ਹੀਦੀ ਪਾ ਗਏ।

9 ਅਗਸਤ 1942 ਨੂੰ ਸੁਰਤੀ ਦਮੋਦਰ ਜੀਨਾ ਭਾਈ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ। ਉਨ੍ਹਾਂ ਭਾਰਤ ਛੱਡੋ ਅੰਦੋਲਨ 'ਚ ਹਿੱਸਾ ਲਿਆ ਸੀ।

9 ਅਗਸਤ 1949 ਨੂੰ ਨੌਜਵਾਨ ਭਾਰਤ ਸਭਾ ਦੇ ਮੈਂਬਰ ਛੱਜੂ ਰਾਮ ਪੁੱਤਰ ਚਿੰਤ ਰਾਮ ਕੋਕਰੀ ਕਲਾਂ, ਮੋਗਾ ਅਤੇ 9 ਅਗਸਤ 1953 ਨੂੰ ਕੇਹਰ ਸਿੰਘ ਪੁੱਤਰ ਬਿਸ਼ਨ ਸਿੰਘ ਪਿੰਡ ਗੌਧਰ (ਕਰਨਾਲ) ਸ਼ਹੀਦੀ ਪਾ ਗਏ।

10 ਅਗਸਤ 1938 ਨੂੰ ਕਰਤਾਰ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਚੱਕ ਕਲਾਂ (ਜਲੰਧਰ), ਗੁਰਦਿੱਤ ਸਿੰਘ ਮੰਢਾਲੀ ਫਾਂਸੀ ਅਤੇ ਯੁਗ ਪਲਟਾਊ ਦਲ ਦੇ ਉਜਾਗਰ ਸਿੰਘ ਪ੍ਰਨਾਲੀਆਂ ਨੂੰ ਉਮਰ ਕੈਦ।

10 ਅਗਸਤ 1942 ਨੂੰ ਸ਼ਿੰਦੇ ਹਰੀ ਪੁੱਤਰ ਸਦਾ ਸ਼ਿਵ ਸ਼ਿੰਦੇ ਅਤੇ ਤੰਦੇਲ ਵਾਮਨ ਪੁੱਤਰ ਜੀਤ ਤੰਦੇਲ ਨੂੰ ਬੰਬਈ ਪੁਲਿਸ ਨੇ ਗੋਲੀ ਮਾਰ ਕੇ ਜਖ਼ਮੀ ਕਰ ਦਿੱਤਾ, ਜੋ ਬਾਅਦ 'ਚ ਦਮ ਤੋੜ ਗਏ।

10 ਅਗਸਤ 1946 ਨੂੰ ਸ਼ੇਰ ਸਿੰਘ ਪੁੱਤਰ ਵਰਿਆਮਾ, ਪਿੰਡ ਥੋਬਾ (ਅੰਮ੍ਰਿਤਸਰ) ਸ਼ਹੀਦੀ ਜਾਮ ਪੀ ਗਏ। ਉਹ ਕਿਸਾਨ ਮੋਰਚੇ 'ਚ ਸ਼ਾਮਿਲ ਹੋਏ ਤੇ ਨੌਂ ਮਹੀਨੇ ਰਾਵਲਪਿੰਡੀ ਦੀ ਜੇਲ੍ਹ ਯਾਤਰਾ ਕੀਤੀ।

10 ਅਗਸਤ 1954 ਨੂੰ ਦਿਆਲ ਸਿੰਘ ਪੁੱਤਰ ਲਾਲ ਸਿੰਘ ਸ਼ਹੀਦੀ ਪਾ ਗਏ। ਉਨ੍ਹਾਂ ਜੈਤੋਂ ਤੇ ਡੱਸਕਾ ਮੋਰਚੇ 'ਚ ਹਿੱਸਾ ਲਿਆ ਅਤੇ ਜੇਲ੍ਹ ਯਾਤਰਾ ਕੀਤੀ।

10 ਅਗਸਤ 1962 ਨੂੰ ਮਾਤਾ ਕਿਸ਼ਨ ਕੌਰ ਪਿੰਡ ਕਾਉਂਕੇ ਕਲਾਂ (ਲੁਧਿਆਣਾ) ਚੜ੍ਹਾਈ ਕਰ ਗਏ। ਉਹ ਜੈਤੋਂ ਮੋਰਚੇ 'ਚ ਸ਼ਾਮਿਲ ਹੋਏ ਤੇ ਚਾਰ ਸਾਲ ਨਾਭਾ ਬੀੜ ਦੀ ਜੇਲ੍ਹ ਯਾਤਰਾ ਕੀਤੀ। ਉਹ ਨਿਹੰਗ ਬਾਣੇ 'ਚ ਰਹਿੰਦੇ ਸਨ। 10 ਅਗਸਤ 1966 ਨੂੰ ਕੁਲ ਹਿੰਦ ਕੰਟਰੋਲ ਕਮਿਸ਼ਨ ਦੇ ਮੈਂਬਰ ਡਾ. ਭਾਗ ਸਿੰਘ ਚਲਾਣਾ ਕਰ ਗਏ।

11 ਅਗਸਤ 1908 ਨੂੰ ਖੁਦੀ ਰਾਮ ਬੋਸ ਨੂੰ ਮੁਜੱਫਰਪੁਰ ਜੇਲ੍ਹ 'ਚ ਫਾਂਸੀ ਹੋਈ। ਉਹ ਸ਼ੈਸ਼ਨ ਜੱਜ ਕਿੰਗਸਫੋਰਡ ਨੂੰ ਮਾਰਨ ਦੇ ਯਤਨ ਅਤੇ ਸ੍ਰੀਮਤੀ ਕੈਨੇਡੀ ਤੇ ਉਸ ਦੀ ਧੀ ਨੂੰ ਕਤਲ ਕਰਨ ਦੇ ਦੋਸ਼ੀ ਸਨ।

12 ਅਗਸਤ 1873 ਨੂੰ ਝੰਡਾ ਸਿੰਘ ਨਾਮਧਾਰੀ ਪਿੰਡ ਠੱਟਾ (ਅੰਮ੍ਰਿਤਸਰ) ਨੂੰ ਫਾਂਸੀ ਦਿੱਤੀ।

12 ਅਗਸਤ 1915 ਨੂੰ ਬੂਟਾ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਅਕਾਲ ਗੜ (ਲੁਧਿਆਣਾ) ਸ਼ਹੀਦ ਹੋ ਗਏ। ਉਨ੍ਹਾਂ ਨੰਗਲ ਕਲਾਂ (ਹੁਸ਼ਿਆਰਪੁਰ) ਦੇ ਟਾਊਟ ਜ਼ੈਲਦਾਰ ਦਾ ਕਤਲ ਕੀਤਾ।

12 ਅਗਸਤ 1915 ਨੂੰ ਗਦਰੀ ਆਗੂ ਬੰਤਾ ਸਿੰਘ ਪੁੱਤਰ ਬੂਟਾ ਸਿੰਘ ਪਿੰਡ ਸੰਘਵਾਲ (ਜਲੰਧਰ) ਨੂੰ ਲਾਹੌਰ ਜੇਲ੍ਹ 'ਚ ਫਾਂਸੀ। ਉਹ ਕੈਨੇਡਾ ਤੋਂ 1912 ਨੂੰ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਗਏ ਸਨ ਅਤੇ ਉਨ੍ਹਾਂ ਦਾ ਘਰ ਆਜ਼ਾਦੀ ਪਸੰਦੀਆਂ ਦਾ ਅੱਡਾ ਸੀ।

12 ਅਗਸਤ 1947 ਨੂੰ ਗੋਕਲ ਚੰਦ ਪੁੱਤਰ ਜੀਵਨ ਮੱਲ ਭਸੀਨ ਪਿੰਡ ਭੇਰਾ ਜ਼ਿਲ੍ਹਾ ਸ਼ਾਹਪੁਰ ਸ਼ਹੀਦ ਹੋ ਗਏ।

13 ਅਗਸਤ 1953 ਨੂੰ ਹਵੇਲੀ ਰਾਮ ਪੁੱਤਰ ਸੀਤਾ ਰਾਮ ਪਿੰਡ ਜੇਹਮਨ ਲਾਹੌਰ ਲਾਠੀ ਚਾਰਜ 'ਚ ਸੱਟਾਂ ਦੀ ਤਾਬ ਨਾ ਝੱਲ ਸਕੇ।

15 ਅਗਸਤ 1930 ਨੂੰ ਅਕਾਲੀ ਬੱਬਰ ਲਹਿਰ 'ਚ ਹਿੱਸਾ ਲੈਣ ਵਾਲੇ ਭੁੱਲਾ ਸਿੰਘ ਪੁੱਤਰ ਬਸੰਤ ਸਿੰਘ ਸ਼ਹੀਦੀ ਪਾ ਗਏ। 15 ਅਗਸਤ 1947 ਨੂੰ ਪੱਗੜੀ ਸੰਭਾਲ ਜੱਟਾ ਮੂਵਮੈਂਟ ਦੇ ਆਗੂ ਅਜੀਤ ਸਿੰਘ ਡਲਹੌਜੀ ਵਿਖੇ ਸਦੀਵੀ ਵਿਛੋੜਾ ਦੇ ਗਏ।

15 ਅਗਸਤ 1953 ਨੂੰ ਅਖੀ ਰਾਮ ਪੁੱਤਰ ਜਵਾਹਰ ਸਿੰਘ ਪਿੰਡ ਮਿੱਠਾ ਥੱਲ (ਹਿਸਾਰ) ਸਦੀਵੀ ਵਿਛੋੜਾ ਦੇ ਗਏ। ਜਲਿਆਂਵਾਲਾ ਬਾਗ ਦੇ ਸਾਕੇ ਦੌਰਾਨ ਬੇਦੋਸ਼ਿਆਂ 'ਤੇ ਗੋਲੀ ਨਾ ਚਲਾਉਣ ਕਾਰਨ ਨੌਕਰੀ ਤੋਂ ਬਰਖਾਸਤ ਕਰ ਦਿੱਤੇ ਗਏ ਸਨ।

15 ਅਗਸਤ 1955 ਨੂੰ ਕਰਨੈਲ ਸਿੰਘ ਈਸੜੂ ਪੁਰਤਗਾਲੀਆਂ ਦੀਆਂ ਗੋਲੀਆਂ ਨਾਲ ਗੋਆ ਦੀ ਆਜ਼ਾਦੀ ਮੂਵਮੈਂਟ 'ਚ ਸ਼ਹੀਦ ਹੋਏ। 15 ਅਗਸਤ 1969 ਨੂੰ ਗਦਰੀ ਬਾਬਾ ਉਸਮਾਨ ਸਿੰਘ ਪਿੰਡ ਬੱਦੋਵਾਲ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ।

16 ਅਗਸਤ 1941 ਨੂੰ ਬਾਬਾ ਈਸ਼ਰ ਸਿੰਘ ਪੁੱਤਰ ਜੀਤ ਸਿੰਘ ਪਿੰਡ ਮਰਹਾਣਾ, ਤਰਨ ਤਾਰਨ ਸ਼ਹੀਦੀ ਪਾ ਗਏ। ਉਹ 1922 'ਚ ਅਮਰੀਕਾ ਤੋਂ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਪਰਤੇ ਸਨ ਅਤੇ ਕਿਸਾਨੀ ਲਈ ਕੰਮ ਕਰ ਤੋਂ ਇਲਾਵਾ 33 ਸਾਲ ਦੇਸ਼ ਹਿੱਤ ਲਾਏ।

16 ਅਗਸਤ 1947 ਨੂੰ ਗੁਰੂ ਕੇ ਬਾਗ ਮੋਰਚੇ 'ਚ ਹਿੱਸਾ ਲੈਣ ਵਾਲੇ ਦਲੀਪ ਸਿੰਘ ਪੁੱਤਰ ਹੀਰਾ ਸਿੰਘ ਚੱਕ 13/8 ਮੀਆਂ ਚੰਨੂ ਮੁਲਤਾਨ ਅਤੇ ਬੱਬਰ ਅਕਾਲੀ ਮੂਵਮੈਂਟ 'ਚ ਹਿੱਸਾ ਲੈਣ ਵਾਲੇ ਈਸ਼ਰ ਸਿੰਘ ਪੁੱਤਰ ਮੇਵਾ ਸਿੰਘ ਚੱਕ 273 (ਲਾਇਲਪੁਰ) ਸ਼ਹੀਦ ਹੋ ਗਏ।

17 ਅਗਸਤ 1909 ਨੂੰ ਮਦਨ ਲਾਲ ਢੀਂਗਰਾ

ਨੂੰ ਲੰਡਨ ਦੀ ਪੈਂਟਨਵਿਲੇ ਜੇਲ੍ਹ 'ਚ ਫਾਂਸੀ। ਉਨ੍ਹਾਂ ਨੇ ਕਰਜਨ ਵਾਇਲੀ ਨੂੰ ਮਾਰਿਆ ਸੀ। 17 ਅਗਸਤ 1957 ਨੂੰ ਕਿਊ. ਆਈ. ਐਮ. ਵਿਚ ਹਿੱਸਾ ਲੈਣ ਵਾਲੇ ਗੰਗਾ ਰਾਮ ਵਿਛੋੜਾ ਦੇ ਗਏ।

19 ਅਗਸਤ 1942 ਨੂੰ ਭਾਰਤ ਛੱਡੋ ਲਹਿਰ ਦੇ ਇਨਕਲਾਬੀ ਸੁਖਨਾ ਹਾਰ ਪੁੱਤਰ ਸਿਓ ਪ੍ਰਕਾਸ਼ ਪਿੰਡ ਕਨਸ ਸਰਾਏ, ਜਿਲਾ ਸ਼ਾਹਬਾਦ (ਬਿਹਾਰ) ਸ਼ਹੀਦ ਹੋ ਗਏ। 19 ਅਗਸਤ 1947 ਨੂੰ ਚਾਰ ਸਾਲ ਜਿਗਰ ਕੈਂਪ ਤੇ ਮੁਲਤਾਨ ਜੇਲ੍ਹ ਯਾਤਰਾ ਕਰਨ ਵਾਲੇ ਰਾਮ ਲਾਲ ਪੁੱਤਰ ਛਾਂਗਾ ਰਾਮ ਪਿੰਡ ਗੁੱਜਰ (ਗੜ੍ਹਸ਼ੰਕਰ, ਹੁਸ਼ਿਆਰਪੁਰ) ਸ਼ਹੀਦੀ ਪਾ ਗਏ।

19 ਅਗਸਤ 1954 ਨੂੰ ਮਾਧੋ ਰਾਮ ਪੁੱਤਰ ਖੂਬੀ ਰਾਮ, ਪਿੰਡ ਬਾਹੂ ਅਕਬਰਪੁਰ (ਰੋਹਤਕ) ਸਦੀਵੀ ਵਿਛੋੜਾ ਦੇ ਗਏ। ਉਹ ਸਿਵਲ ਨਾ-ਫੁਰਮਾਨੀ ਲਹਿਰ ਦੇ ਇਨਕਲਾਬੀ ਸਨ। ਸਾਢੇ ਸੱਤ ਸਾਲ ਸਿਆਲਕੋਟ ਜੇਲ੍ਹ ਯਾਤਰਾ ਕੀਤੀ।

19 ਅਗਸਤ 1991 ਨੂੰ ਆਜ਼ਾਦੀ ਘੁਲਾਟੀਏ ਪ੍ਰੀਤਮ ਸਿੰਘ ਘੁੰਦ ਪਿੰਡ ਚੁਗਾਵਾਂ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ।

20 ਅਗਸਤ 1943 ਨੂੰ ਗੁਰਦਿਆਲ ਸਿੰਘ ਪੁੱਤਰ ਰੂੜ ਸਿੰਘ, ਪਿੰਡ ਢੀਂਗਰ, ਬਰਨਾਲਾ (ਸੰਗਰੂਰ) ਸ਼ਹੀਦੀ ਪਾ ਗਏ।

20 ਅਗਸਤ 1947 ਨੂੰ ਜਗਮੇਲ ਸਿੰਘ ਪੁੱਤਰ ਮਾਨ ਸਿੰਘ, ਪਿੰਡ ਪਾਲੀ ਤਹਿਸੀਲ ਰਿਵਾੜੀ (ਗੁੜਗਾਉਂ) ਵਿਛੋੜਾ ਦੇ ਗਏ।

20 ਅਗਸਤ 1946 ਨੂੰ ਅਮਰ ਸਿੰਘ ਪੱਤਰ ਲੋਕ ਰਾਮ ਪਿੰਡ ਗੁਭਾਨਾ (ਰੋਹਤਕ) ਸ਼ਹੀਦੀ ਪਾ ਗਏ। ਉਹ ਆਈ. ਐਨ. ਏ. 'ਚ ਹੌਲਦਾਰ ਸਨ।

21 ਅਗਸਤ 1945 ਨੂੰ ਦਲੀਪ ਸਿੰਘ ਪੁੱਤਰ ਮਨਬੀਰ ਪਿੰਡ ਸਧੇਡ (ਕਾਂਗੜਾ) ਅਤੇ 22 ਅਗਸਤ 1958 ਨੂੰ ਕਾਂਗਰਸ ਮੂਵਮੈਂਟ 'ਚ ਸ਼ਮੂਲੀਅਤ ਕਰਨ ਵਾਲੇ ਨੱਥਾ ਸਿੰਘ ਪੁੱਤਰ ਹੀਰਾ ਸਿੰਘ, ਪਿੰਡ ਭਾਈ ਫੇਰੂ ਤਹਿਸੀਲ ਚੂਨੀਆਂ (ਲਾਹੌਰ) ਸ਼ਹੀਦੀ ਪਾ ਗਏ।

23 ਅਗਸਤ 1943 ਨੂੰ ਆਈ. ਐਨ. ਏ. ਦੇ ਸਿਪਾਹੀ ਜ਼ਹੀਰ ਅਹਿਮਦ ਪਿੰਡ ਜ਼ਾਹਿਰ ਮੁਖਲੀਆ (ਸ਼ੇਖੂਪੁਰਾ) ਸਹੀਦੀ ਪਾ ਗਏ।

24 ਅਗਸਤ 1925 ਨੂੰ ਸੁਦਾਗਰ ਸਿੰਘ ਪਿੰਡ ਕਾਲਾ ਚੱਕ (ਲਾਇਲਪੁਰ) ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਹ ਜੈਤੋਂ ਮੋਰਚਾ-5 'ਚ ਸਨ। 24 ਅਗਸਤ 1944 ਨੂੰ ਅਜਾਇਬ ਸਿੰਘ ਪਿੰਡ ਕੱਲਾ (ਅੰਮ੍ਰਿਤਸਰ) ਨੂੰ ਸੈਂਟਰਲ ਜੇਲ੍ਹ, ਦਿੱਲੀ 'ਚ ਫਾਂਸੀ ਦਿੱਤੀ ਗਈ।

25 ਅਗਸਤ 1943 ਨੂੰ ਆਈ. ਐਨ. ਏ. 'ਚ ਸ਼ਾਮਿਲ ਪ੍ਰਿਥੀ ਸਿੰਘ ਪੁੱਤਰ ਠਾਕਰ ਮੁਨਸ਼ੀ ਰਾਮ, ਪਿੰਡ ਪਦਰਾਣਾ (ਹੁਸ਼ਿਆਰਪੁਰ) ਅਤੇ 25 ਅਗਸਤ 1944 ਨੂੰ ਦੁਰਗਾ ਦਾਸ ਪੁੱਤਰ ਗੰਗਾ ਰਾਮ ਮੱਲ ਪਿੰਡ ਢੋਈਵਾਲਾ (ਦੇਹਰਾਦੂਨ) ਸ਼ਹੀਦੀ ਪਾ ਗਏ।

25 ਅਗਸਤ 1947 ਨੂੰ ਤਰਲੋਕ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਲਾਗਰ (ਸ਼ੇਖੂਪੁਰਾ) ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚੇ 'ਚ ਸਨ, ਜਲਿਆਂਵਾਲਾ ਬਾਗ ਦੀ ਮੀਟਿੰਗ 'ਚ ਹਿੱਸਾ ਲਿਆ ਅਤੇ ਢਾਈ ਸਾਲ ਅਟਕ ਜੇਲ੍ਹ ਦੀ ਯਾਤਰਾ ਕੀਤੀ।

25 ਅਗਸਤ 1948 ਨੂੰ ਮਈਓਜੀ ਕਸਤੱਈਆ ਪੱਤਰ ਲਿੰਗਈਆ ਪਿੰਡ ਬੋਹਰਾਨਪਾਲੀ, ਵਾਰੰਗਲ (ਆਂਧਰਾ ਪ੍ਰਦੇਸ਼) ਨਿਜ਼ਾਮ ਦੀਆਂ ਫੌਜਾਂ ਨਾਲ ਲੜਦਿਆਂ ਸ਼ਹੀਦ ਹੋ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚੇ 'ਚ ਸਨ, ਜਲਿਆਂਵਾਲਾ ਬਾਗ ਦੀ ਮੀਟਿੰਗ 'ਚ ਹਿੱਸਾ ਲਿਆ ਅਤੇ ਢਾਈ ਸਾਲ ਅਟਕ ਜੇਲ੍ਹ ਦੀ ਯਾਤਰਾ ਕੀਤੀ।

25 ਅਗਸਤ 1948 ਨੂੰ ਮਈਓਜੀ ਕਸਤੱਈਆ ਪੱਤਰ ਲਿੰਗਈਆ ਪਿੰਡ ਬੋਹਰਾਨਪਾਲੀ, ਵਾਰੰਗਲ (ਆਂਧਰਾ ਪ੍ਰਦੇਸ਼) ਨਿਜ਼ਾਮ ਦੀਆਂ ਫੌਜਾਂ ਨਾਲ ਲੜਦਿਆਂ ਸ਼ਹੀਦ ਹੋ ਗਏ। ਰਾਜਕਾਰਾਂ ਨੇ ਪਿੰਡ ਤੇ ਹਮਲਾ ਕਰਕੇ 75 ਬੱਚੇ, ਔਰਤਾਂ ਅਤੇ ਬੇਕਸੂਰਾਂ ਨੂੰ ਕਤਲ ਕੀਤਾ ਸੀ।

26 ਅਗਸਤ 1942 ਨੂੰ ਚੰਗਣ ਪੁੱਤਰ ਰਾਜਾ ਰਾਮ ਲੁਹਾਰ, ਪਿੰਡ ਨੇਰੀ ਜਲਗਾਉਂ (ਮਹਾਰਾਸ਼ਟਰ) ਜਨਤਕ ਜਲਸੇ 'ਤੇ ਪੁਲਿਸ ਦੀ ਫਾਇਰਿੰਗ ਵਿਚ ਦਮ ਤੋੜ ਗਏ।

26 ਅਗਸਤ 1947 ਨੂੰ ਕਰਤਾਰ ਸਿੰਘ ਪੁੱਤਰ ਬਿਸ਼ਨ ਸਿੰਘ ਪਿੰਡ ਲੰਡੇ ਤਹਿਸੀਲ ਮੋਗਾ (ਫਿਰੋਜ਼ਪੁਰ)

ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਮੋਰਚਾ, ਸਾਈਮਨ ਕਮਿਸ਼ਨ ਗੋ ਬੈਕ, ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਚੜ੍ਹੱਕ ਮੋਰਚੇ 'ਚ ਹਿੱਸਾ ਲਿਆ ਅਤੇ ਲਾਹੌਰ ਬੰਬ ਧਮਾਕੇ ਦੇ ਦੋਸ਼ 'ਚ ਜੇਲ੍ਹ ਯਾਤਰਾ ਕੀਤੀ।

28 ਅਗਸਤ 1940 ਨੂੰ ਸੈਂਟਰਲ ਇੰਡੀਅਨ ਹਾਊਸ ਦੇ ਸਾਧੂ ਸਿੰਘ ਪੁੱਤਰ ਨੌਰੰਗ ਸਿੰਘ, ਪਿੰਡ ਦਦੇਹਰ (ਅੰਮ੍ਰਿਤਸਰ) ਅਤੇ ਅਜਾਇਬ ਸਿੰਘ ਪਿੰਡ ਨੰਦਪੁਰ (ਅੰਮਿਤਸਰ) ਨੂੰ ਬਾਹਰ ਡਿਊਟੀ ਕਰਨ ਤੋਂ ਇਨਕਾਰ ਕਰਨ ਕਰ ਕੇ ਕੋਰਟ ਮਾਰਸ਼ਲ ਕੀਤਾ ਤੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

28 ਅਗਸਤ 1972 ਨੂੰ ਮੱਸਾ ਸਿੰਘ ਪਿੰਡ ਘੱਲ ਕਲਾਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਅਮਰੀਕਾ ਤੋਂ ਗਦਰ ਪਾਰਟੀ 'ਚ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਆਏ। ਆਖਰੀ ਸਾਹ ਤੱਕ ਲੋਕ ਹਿਤੈਸ਼ੀ ਰਹੇ।

29 ਅਗਸਤ 1924 ਨੂੰ ਹੁਕਮ ਸਿੰਘ ਪੁੱਤਰ ਜੈਮਲ ਸਿੰਘ ਪਿੰਡ ਟੂਬਲ (ਕਪੂਰਥਲਾ) ਸ਼ਹੀਦੀ ਪਾ ਗਏ। ਉਨ੍ਹਾਂ ਜੈਤੋਂ ਮੋਰਚਾ-7 'ਚ ਹਿੱਸਾ ਲਿਆ।

30 ਅਗਸਤ 1924 ਨੂੰ ਸਰਮੁੱਖ ਸਿੰਘ ਪਿੰਡ ਝੰਗ ਬਡਾਲਾ (ਲਾਇਲਪੁਰ) ਨਾਭਾ ਜੇਲ 'ਚ ਦਮ ਤੋੜ ਗਏ। ਉਨ੍ਹਾਂ ਜੈਤੋਂ ਮੋਰਚੇ 'ਚ ਹਿੱਸਾ ਲਿਆ ਸੀ।

31 ਅਗਸਤ 1924 ਨੂੰ 8ਵੇਂ ਜੈਤੋਂ ਮੋਰਚੇ 'ਚ ਸ਼ਾਮਿਲ ਆਸਾ ਸਿੰਘ ਪਿੰਡ ਨੱਥੂਕੇ (ਲਾਹੌਰ) ਨਾਭਾ ਬੀੜ ਜੇਲ੍ਹ ਯਾਤਰਾ ਸਮੇਂ ਸਦੀਵੀ ਵਿਛੋੜਾ ਦੇ ਗਏ।

ਅਗਸਤ ਮਹੀਨੇ ਦੇ ਹੋਰ ਸ਼ਹੀਦ

1925 'ਚ ਬਿਸ਼ਨ ਸਿੰਘ ਪੁੱਤਰ ਕਾਕਾ ਸਿੰਘ ਪਿੰਡ ਸਵੱਟੀ (ਲੁਧਿਆਣਾ) ਰਾਵਲ ਪਿੰਡੀ ਜੇਲ 'ਚ ਦਮ ਤੋੜ ਗਏ। 1944 'ਚ ਉਜਾਗਰ ਸਿੰਘ ਪਿੰਡ ਬੁਰਜੀ ਚੰਦਾ ਸਿੰਘ (ਸਿਆਲਕੋਟ) ਅਤੇ ਸਰੈਣ ਸਿੰਘ ਠੱਠੀਆਂ ਆਈ. ਐਨ. ਏ. ਦੇ ਕਲੇਵਾ ਐਕਸ਼ਨ 'ਚ ਸ਼ਹੀਦ ਹੋ ਗਏ।

1944 'ਚ ਆਈ. ਐਨ. ਏ. ਦੇ ਸਿਪਾਹੀ ਵਰਿਆਮ ਸਿੰਘ ਪਿੰਡ ਨਾਹਰ ਸਿੰਘ ਚੱਕ ਨੰ.13 (ਸ਼ੇਖੂਪੁਰਾ) ਸ਼ਹੀਦੀ ਪਾ ਗਏ ਅਤੇ ਗੋਪਾਲ ਸਿੰਘ ਪਿੰਡ ਸਾਲਾਗੜੀ (ਧਰਮਸਾਲਾ) ਬਰਮਾ ਲੜਾਈ ਸਮੇਂ ਸ਼ਹੀਦੀ ਪਾ ਗਏ।

1946 'ਚ ਆਈ. ਐਨ. ਏ. ਦੇ ਗੁਰੀਲਾ ਭੀਮ ਸਿੰਘ ਪੁੱਤਰ ਰਾਮੂ ਪਿੰਡ ਚਿਰੀਆ ਚਰਖੀ (ਮਹਿੰਦਰਗੜ੍ਹ) ਅਤੇ 1947 ਵਿਚ ਮੰਗਲ ਸਿੰਘ ਪੁੱਤਰ ਅਤਰ ਸਿੰਘ ਪਿੰਡ ਕਹੋੜਾ (ਹੁਸ਼ਿਆਰਪੁਰ), ਓਮ ਪ੍ਰਕਾਸ਼ ਪੁੱਤਰ ਹਰੀ ਰਾਮ ਪਿੰਡ ਬੱਡੋਮਾਲੀ (ਸਿਆਲਕੋਟ) ਤੇ ਲੈਂਸ ਨਾਇਕ ਰਾਮ ਨਾਥ ਪੁੱਤਰ ਨੌਬਤ ਰਾਮ ਪਿੰਡ ਰਾਧੀ (ਹਿਸਾਰ) ਸ਼ਹੀਦੀ ਪਾ ਗਏ।

1947 'ਚ ਸੂਬਾ ਸਿੰਘ ਉਰਫ ਭਗਵਾਨ ਸਿੰਘ ਪੁੱਤਰ ਈਸ਼ਰ ਸਿੰਘ ਪਿੰਡ ਕੋਟ ਧਰਮ ਚੰਦ, ਤਰਨ ਤਾਰਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋ ਮੋਰਚੇ 'ਚ ਜੇਲ੍ਹ ਯਾਤਰਾ ਕੀਤੀ। 1947 'ਚ ਬੇਲਾ ਸਿੰਘ ਪੁੱਤਰ ਗੰਡਾ ਸਿੰਘ ਪਿੰਡ ਮੱਤੇ ਨੰਗਲ (ਅਜਨਾਲਾ) ਸਦੀਵੀ ਵਿਛੋੜਾ ਦੇ ਗਏ। ਉਹ ਗੁਰੂ ਕੇ ਬਾਗ ਤੇ ਫੇਰ ਮੋਰਚੇ 'ਚ ਸ਼ਾਮਲ ਸਨ।

1948 'ਚ ਗਦਰ ਲਹਿਰ ਦੇ ਹਿਤੈਸ਼ੀ ਡਾ. ਨੰਦ ਸਿੰਘ ਸੀਹਰਾ ਪੁੱਤਰ ਦੇਵਾ ਸਿੰਘ ਕਸਬਾ ਫਿਲੌਰ (ਜਲੰਧਰ) ਆਸਨਸੋਲ 'ਚ ਸਦੀਵੀ ਵਿਛੋੜਾ ਦੇ ਗਏ।

1952 'ਚ ਤਾਰਾ ਸਿੰਘ ਪੁੱਤਰ ਮਾਨ ਸਿੰਘ ਪਿੰਡ ਬਰਿਆਣਾ (ਹੁਸ਼ਿਆਰਪੁਰ) ਚੱਲ ਵੱਸੇ। ਉਨ੍ਹਾਂ ਜੈਤੋਂ ਮੋਰਚੇ 'ਚ ਜੇਲ੍ਹ ਕੱਟੀ।

1954 'ਚ ਬੀਬੀ ਸਵਦੇਸ਼ ਕੁਮਾਰੀ ਪਿਤਾ ਐਮ. ਐਸ. ਸ਼ਾਹ ਸਦੀਵੀ ਵਿਛੋੜਾ ਦੇ ਗਏ। ਉਹ ਅੰਗਰੇਜ਼ ਰਾਜ ਵਿਰੁੱਧ ਲਾਮਬੰਦੀ ਦੇ ਦੋਸ਼ੀ ਸਨ। 1954 'ਚ ਸ਼ਾਮ ਸਿੰਘ ਪੁੱਤਰ ਸੱਦਾ ਸਿੰਘ ਪਿੰਡ ਚਕਰ (ਲੁਧਿਆਣਾ) ਚੱਲ ਵਸੇ। ਉਨ੍ਹਾਂ ਜੈਤੋਂ ਮੋਰਚੇ 'ਚ ਹਿੱਸਾ ਲਿਆ।

1955 'ਚ ਹਰਨਾਮ ਸਿੰਘ ਪੁੱਤਰ ਸ਼ਾਮ ਸਿੰਘ, ਪਿੰਡ ਚੱਕ ਨੰ. 41 ਜਗਦੇਵ ਕਲਾਂ (ਲਾਇਲਪੁਰ) ਅਕਾਲ ਚਲਾਣਾ ਕਰ ਗਏ। ਉਨ੍ਹਾਂ ਗੁਰੂ ਕੇ ਬਾਗ ਤੇ ਜੈਤੋਂ ਦੇ ਮੋਰਚੇ 'ਚ ਹਿੱਸਾ ਲਿਆ ਸੀ। 1958 'ਚ ਗਦਰ ਪਾਰਟੀ ਦੇ ਮੈਂਬਰ ਕੇਸਰ ਸਿੰਘ ਪੁੱਤਰ ਭੂਪ ਸਿੰਘ ਪਿੰਡ ਠੱਠਗੜ੍ਹ (ਤਰਨ ਤਾਰਨ) ਸਦੀਵੀ ਵਿਛੋੜਾ ਦੇ ਗਏ। 1971 'ਚ ਤਕਰੀਰਾਂ ਦੇ ਧਨੀ ਬੱਬਰ ਅਕਾਲੀ ਰਣ ਸਿੰਘ ਹਰੀਪੁਰ (ਜਲੰਧਰ) ਅਕਾਲ ਚਲਾਣਾ ਕਰ ਗਏ।

(ਇਹ ਲੇਖ ਪੰਜਾਬ ਟਾਈਮਜ਼, ਨਿਊਯਾਰਕ ਦੇ VOL. 21, ਤਰੀਕ 8 ਅਗਸਤ 2020 ਵਿਚੋਂ ਧੰਨਵਾਦ ਸਹਿਤ ਲਿਆ ਗਿਆ ਹੈ।)

.........................

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

-ਹਰਪਾਲ ਸਿੰਘ ਸੇਵਕ

(ਪਿਛਲੇ ਅੰਕ ਤੋਂ ਅੱਗੇ)

ਭਗਵਾਨ ਕ੍ਰਿਸ਼ਨ ਨੂੰ ਮਾਰਨ ਆਈ ਪੂਤਨਾ ਦਾ ਕਲਿਆਣ ਕਰਨਾ, ਪੰਚਾਲੀ ਦ੍ਰੋਪਦੀ ਦੀ ਪੱਤ ਰੱਖਣੀ, ਗੌਤਮ ਰਿਸ਼ੀ ਦੀ ਪਤਨੀ ਨੂੰ ਸ੍ਰਾਪ ਮੁਕਤਿ ਕਰਨਾ, ਹਰਨਾਖਸ ਰਾਕਸ਼ ਨੂੰ ਮਾਰਨਾ ਅਤੇ ਪ੍ਰਹਲਾਦ ਭਗਤ ਦੀ ਰੱਖਿਆ ਕਰਨੀ ਆਦਿ ਅਨੇਕਾਂ ਪ੍ਰਸੰਗ ਹਨ ਜੋ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਥਾਰ ਪੂਰਵਕ ਲਿਖੇ ਹਨ। ਏਸੇ ਤਰ੍ਹਾਂ ਹੀ ਬਿਬੇਕ ਬਾਰੇ ਦਸਮ ਪਾਤਸ਼ਾਹ ਰਾਜੇ ਪਾਰਸਨਾਥ ਦੇ ਪ੍ਰਸੰਗ ਵਿਚ ਵਿਸਥਾਰ ਸਹਿਤ ਲਿਖਦੇ ਹਨ। ਪਰ ਇਸ ਪ੍ਰਸੰਗ ਵਿਚ ਬਿਬੇਕ ਦੇ ਨਾਲ ਅਬਿਬੇਕ ਦੀ ਵੀ ਕਥਾ ਹੈ। ਇਸ ਕਥਾ ਨੂੰ ਮੋਹ ਅਤੇ ਬਿਬੇਕ ਦੀ ਕਥਾ ਵੀ ਕਹਿੰਦੇ ਹਨ। ਜਿਵੇਂ ਪ੍ਰਮੇਸ਼ਰ ਦੀ ਰਚਨਾ ਵਿਚ ਆਪਾ ਵਿਰੋਧੀ ਦੋਵੇਂ ਤਰ੍ਹਾਂ ਦੀ ਰਚਨਾ ਹੈ- ਦਿਨ ਨਾਲ ਰਾਤ ਹੈ, ਸੱਚ ਅਤੇ ਝੂਠ, ਸੰਤੋਖ ਅਤੇ ਲੋਭ, ਗਿਆਨ ਅਤੇ ਅਗਿਆਨ, ਦੇਵਤੇ ਅਤੇ ਦੈਂਤ ਆਦਿ ਉਸ ਪ੍ਰਭੂ ਦੀ ਰਚਨਾ ਦਾ ਹਿੱਸਾ ਹੈ- ਬਚਿਤ੍ਰ ਨਾਟਕ ਚੰਡੀ ਚਰਿਤ੍ਰ ਵਿਚ ਸਾਹਿਬ ਅਕਾਲ ਪੁਰਖ ਦੀ ਅਦਭੁੱਤ ਰਚਨਾ ਦਾ ਬਹੁਤ ਸੁੰਦਰ ਵਰਨਣ ਕਰਦੇ ਹਨ-

ਆਦਿ ਅਪਾਰ ਅਲੇਖ ਅਨੰਤ
ਅਕਾਲ ਅਭੇਖ ਅਲੱਖ ਅਨਾਸਾ॥
ਕੈ ਸਿਵ ਸਕਤ ਦਏ ਸ੍ਰੁਤਿ ਚਾਰ
ਰਜੋ ਤਮ ਸੱਤ ਤਿਹੂ ਪੁਰ ਬਾਸਾ॥
ਦਿਉਸ ਨਿਸਾ ਸਸਿ ਸੂਰ ਕੈ
ਦੀਪ ਸੁ ਸ੍ਰਿਸਟਿ ਰਚੀ ਪੰਚ ਤੱਤ ਪ੍ਰਕਾਸਾ॥
ਬੈਰ ਬਢਾਇ ਲਰਾਇ ਸੁਰਾਸੁਰ
ਆਪਹਿ ਦੇਖਤ ਬੈਠ ਤਮਾਸਾ॥

ਇਸੇ ਤਰ੍ਹਾਂ ਹੀ ਪ੍ਰਮੇਸਰ ਦੀ ਰਚਨਾ ਵਿਚ ਮੋਹ ਅਤੇ ਬਿਬੇਕ ਹੈ। ਮੋਹ ਜਾਂ ਅਬਿਬੇਕ ਬੁਧੀ ਵਾਲੇ ਅਸੁਰ ਜਾਂ ਰਾਕਸ਼ ਹਨ ਅਤੇ ਬਿਬੇਕ ਬੁਧੀ ਵਾਲੇ ਸਾਧ ਜਾਂ ਦੇਵਤੇ ਹਨ। ਪਰ ਇਹ ਦੇਵਤੇ ਸੁਵਰਗ ਪੁਰੀ ਵਾਲੇ ਦੇਵ ਨਹੀਂ ਸਗੋਂ ਇਹ ਦੇਵਤੇ ਹਨ ਜਿਨ੍ਹਾਂ ਬਾਰੇ ਗੁਰਵਾਕ ਹੈ-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥
ਆਸਾ ਮ:੧-੪੬੨

ਮਨੁੱਖਾਂ ਵਿਚ ਦੇਵ ਅਤੇ ਦਾਨਵ ਬਾਰੇ ਦਸਮ ਪਾਤਸ਼ਾਹ ਦਾ ਕਥਨ ਹੈ-

ਸਾਧ ਕਰਮ ਜੇ ਪੁਰਖ ਕਮਾਵੈ॥
ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਜੇ ਜਗ ਮੈ ਕਰਹੀਂ॥
ਨਾਮ ਅਸੁਰ ਤਿਨ ਕੋ ਸਭ ਧਰਹੀਂ॥

ਜਿਸ ਤਰ੍ਹਾਂ ਦੇਵ ਅਤੇ ਦਾਨਵ ਬੁਧੀ ਵਾਲੇ ਧਰਮੀ ਅਤੇ ਅਧਰਮੀ ਲੋਕਾਂ ਦੀ ਲੜਾਈ ਚਲਦੀ ਰਹਿੰਦੀ ਹੈ। ਏਸੇ ਤਰ੍ਹਾਂ ਹੀ ਸਾਡੇ ਮਨ ਵਿਚ ਬਿਬੇਕ ਅਤੇ ਅਬਿਬੇਕ ਦਾ ਤਰਕ-ਵਿਤਰਕ ਚਲਦਾ ਰਹਿੰਦਾ ਹੈ। ਕਦੇ ਗੁਰੂ ਦੀ ਮਤਿ ਹਿਰਦੇ ਵਿਚ ਵਸਦੀ ਹੈ, ਸਤ, ਸੰਤੋਖ, ਦਇਆ, ਧਰਮ ਆਦਿ ਗੁਣਾ ਕਰਕੇ, ਸਦ ਬੁੱਧੀ ਕਰਕੇ ਮਨੁੱਖ ਸ਼ੁਭ ਕਰਮ ਕਰਦਾ ਹੈ ਅਤੇ ਕਦੇ ਅਬਿਬੇਕ ਵਸ-

ਪਾਪ ਕਰਹਿ ਪੰਚਾਂ ਕੇ ਬਸਿ ਰੇ॥
ਤੀਰਥਿ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥
ਜਮ ਪੁਰਿ ਬਾਧਿ ਖਰੇ ਕਾਲੰਕ॥
(ਪ੍ਰਭਾਤੀ ਮ:੫ ਅੰਗ ੧੩੪੭)

ਭਗਤ ਕਬੀਰ ਜੀ ਰਾਗ ਭੈਰਉ ਵਿਚ ਲਿਖਦੇ ਹਨ ਕਿ ਮੋਹ ਮਾਇਆ ਵਸ ਮਨ ਰਾਜਾ ਆਕੀ ਹੋਇਆ ਇਕ ਮਜਬੂਤ ਕਿਲੇ ਵਿਚ ਬੈਠਾ ਹੈ ਉਹ ਕਿਲਾ ਕਿੱਡਾ ਮਜਬੂਤ ਹੈ ਉਸਦੇ ਸੂਰਮੇ ਕਿਹੜੇ ਹਨ ਅਤੇ ਮੈਂ ਕਿਵੇਂ ਉਸਤੇ ਜਿੱਤ ਪ੍ਰਾਪਤ ਕਰਕੇ ਆਕੀ ਹੋਏ ਮਨ ਰਾਜੇ ਨੂੰ ਵਸ ਕੀਤਾ ਹੈ-

ਕਿਉ ਲੀਜੈ ਗਢੁ ਬੰਕਾ ਭਾਈ॥
ਦੋਵਰ ਕੋਟ ਅਰੁ ਤੇਵਰ ਖਾਈ॥ ਰਹਾਉ॥
ਪਾਂਚ ਪਚੀਸ ਮੋਹ ਮਦ ਮਤਸਰ
ਆਡੀ ਪਰਬਲ ਮਾਇਆ॥
ਜਨ ਗਰੀਬ ਕੋ ਜੋਰ ਨ ਪਹੁਚੈ
ਕਹਾ ਕਰਉ ਰਘੁਰਾਇਆ॥
ਕਾਮੁ ਕਿਵਾਰੀ ਦੁਖ ਸੁਖ ਦਰਵਾਨੀ
ਪਾਪੁ ਪੁੰਨੁ ਦਰਵਾਜਾ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ

ਤਹ ਮਨ ਮਾਵਾਸੀ ਰਾਜਾ॥
ਸ੍ਵਾਦ ਸਨਾਹ ਟੋਪ ਮਮਤਾ ਕੋ
ਕੁਬੁਧਿ ਕਮਾਨ ਚਢਾਈ॥
ਤਿਸਨਾ ਤੀਰ ਰਹੇ ਘਟ ਭਤਿਰਿ
ਇਉ ਗਢੁ ਲੀਓ ਨ ਜਾਈ॥
ਪ੍ਰੇਮ ਪਲੀਤਾ ਸੁਰਤਿ ਹਵਾਈ
ਗੋਲਾ ਗਿਆਨ ਚਲਾਇਆ॥
ਬ੍ਰਹਮ ਅਗਨਿ ਸਹਜੇ ਪਰਜਾਲੀ
ਏਕਹਿ ਚੋਟ ਸਿਝਾਇਆ॥
ਸਤੁ ਸੰਤੋਖ ਲੈ ਲਰਨੇ ਲਾਗਾ
ਤੋਰੇ ਦੋਇ ਦਰਵਾਜਾ॥
ਸਾਧ ਸੰਗਤਿ ਅਰੁ ਗੁਰ ਕੀ ਕਿਰਪਾ ਤੇ
ਪਕਰਿਓ ਗਢ ਕੋ ਰਾਜਾ॥
ਭਗਵਤ ਭੀਰਿ ਸਕਤਿ ਸਿਮਰਨ ਕੀ
ਕਟੀ ਕਾਲ ਭੈ ਫਾਸੀ॥
ਦਾਸ ਕਮੀਰੁ ਚੜਿਓ ਗੜ੍ਹ ਊਪਰਿ
ਰਾਜੁ ਲੀਓ ਅਬਿਨਾਸੀ॥

ਅੰਗ ੧੧੬੧

ਇਸ ਸ਼ਬਦ ਵਿਚ ਕਬੀਰ ਜੀ ਮਨ ਨੂੰ ਜਿੱਤਣ ਲਈ ਅਬਿਬੇਕ ਦੇ, ਮੋਹ ਦੇ ਕਿਲੇ ਦਾ ਵਰਨਣ ਕਰਕੇ ਬਿਬੇਕ ਗੁਣਾਂ ਅਤੇ ਗੁਰੂ ਦੀ ਕਿਰਪਾ ਨਾਲ ਇਸ ਕਿਲੇ ਨੂੰ ਫਤਹਿ ਕਰਨ ਬਾਰੇ ਲਿਖਦੇ ਹਨ- ਇਹ ਮਜਬੂਤ ਕਿਲਾ ਕਿਵੇਂ ਜਿਤਿਆ ਜਾਵੇ ਜਿਸਦੇ ਦੁਆਲੇ ਦ੍ਵੈਤ ਦੀ ਦੋਹਰੀ ਦੀਵਾਰ ਅਤੇ ਤੀਹਰੀ ਖਾਈ ਹੈ। ਇਸ ਮੋਹ ਮਾਇਆ ਦੇ ਕਿਲੇ ਦੇ ਬਚਾਓ ਲਈ ਕਾਮ ਆਦਿਕ ਪੰਜੇ ਵਿਕਾਰ, ਪੰਝੀ ਤੱਤ ਅਤੇ ਮੋਹ, ਹੰਕਾਰ, ਈਰਖਾ ਆਦਿ ਤਾਇਨਾਤ ਹਨ। ਇਨ੍ਹਾਂ ਅੱਗੇ ਜੀਵ ਦਾ ਜੋਰ ਨਹੀਂ ਚੱਲਦਾ। ਕਾਮ ਇਸ ਕਿਲੇ ਦੇ ਬੂਹੇ ਦਾ ਮਾਲਕ ਹੈ, ਦੁਖ-ਸੁਖ ਪਹਿਰੇ ਦਾਰ ਹਨ ਅਤੇ ਪਾਪ ਪੁੰਨ ਦਰਵਾਜੇ ਹਨ। ਲੜਾਕੂ ਕ੍ਰੋਧ ਚੌਧਰੀ ਹੈ ਅਜੇਹੇ ਕਿਲੇ ਵਿਚ ਮਨ ਰਾਜਾ ਆਕੀ ਹੋਇਆ ਬੈਠਾ ਹੈ ਜਿਸਨੇ ਜਬਾਨ ਦੇ ਸਵਾਦ ਦੀ ਸੰਜੋਅ ਪਹਿਨੀ ਹੈ, ਮਮਤਾ ਦਾ ਟੋਪ ਹੈ ਸਿਰ ਤੇ ਅਤੇ ਖੋਟੀ ਬੁਧੀ ਦੀ ਕਮਾਨ ਕੱਸੀ ਹੋਈ ਹੈ। ਉਸ ਪਾਸ ਤ੍ਰਿਸ਼ਨਾ ਦੇ ਤੀਰ ਅੰਦਰ ਹੀ ਅੰਦਰ ਹਨ ਭਾਵ ਜਬਾਨ ਦੇ ਸਵਾਦ, ਮੋਹ-ਮਮਤਾ ਅਤੇ ਤ੍ਰਿਸਨਾ ਅਧੀਨ- 'ਇਉ ਗਢੁ ਲੀਓ ਨ ਜਾਈ- ਇਸ ਤਰ੍ਹਾਂ ਮਨ ਨਹੀਂ ਜਿੱਤਿਆ ਜਾਂਦਾ। ਅੱਗੇ ਬਿਬੇਕੀ ਗੁਣਾ ਦੀ ਸ਼ਕਤੀ ਦਾ ਵਰਨਣ ਕਰਦੇ ਹਨ. ਗਿਆਨ, ਪ੍ਰੇਮ ਅਤੇ ਸੁਰਤੀ ਦੇ ਸੰਜੋਗ ਨਾਲ ਪ੍ਰੇਮ ਨੂੰ ਪਲੀਤਾ ਬਣਾ ਕੇ, ਨਾਮ ਨਾਲ ਜੁੜੀ ਸੁਰਤਿ ਦੀ ਹਵਾਈ ਅਤੇ ਗਿਆਨ ਦਾ ਗੋਲਾ ਬਣਾਇਆ। ਬ੍ਰਹਮ ਅਗਨਿ, ਭਾਵ ਤਪ ਦੀ ਅਗਨੀ ਦਵਾਰਾ ਇਕੋ ਚੋਟ ਨਾਲ ਹੀ ਕਾਮਯਾਬੀ ਹੋ ਗਈ। ਸਤਿ ਅਤੇ ਸੰਤੋਖ ਨਾਲ ਪਾਪ-ਪੁੰਨ ਦੇ ਦੋਵੇਂ ਦਰਵਾਜੇ ਤੋੜ ਦਿੱਤੇ। ਸਤਿ-ਸੰਗ ਅਤੇ ਗੁਰੂ ਦੀ ਕਿਰਪਾ ਨਾਲ ਆਕੀ ਹੋਏ ਮਨ ਰਾਜੇ ਨੂੰ ਵਸ ਕਰ ਲਿਆ, ਸਤਿਸੰਗ ਅਤੇ ਸਿਮਰਨ ਦੀ ਸ਼ਕਤੀ ਨਾਲ ਕਾਲ ਦੀ ਫਾਹੀ ਕੱਟੀ ਗਈ, ਸਾਰੇ ਡਰ ਭਉ ਖਤਮ ਹੋ ਗਏ- ਦਾਸ ਕਬੀਰ ਨੇ ਮਨ ਦੇ ਕਿਲੇ ਨੂੰ ਫਤਹਿ ਕਰਕੇ ਅਬਿਨਾਸੀ ਰਾਜ ਪ੍ਰਾਪਤ ਕਰ ਲਿਆ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਰੁਦ੍ਰ ਅਵਤਾਰ ਪਾਰਸਨਾਥ ਦੇ ਪ੍ਰਸੰਗ ਵਿਚ ਬਿਬੇਕ ਅਤੇ ਅਬਿਬੇਕ ਦੀ ਕਥਾ ਬੜੇ ਵਿਸਥਾਰ ਪੂਰਵਕ ਵਰਨਨ ਕਰਦੇ ਹਨ। ਜਿਵੇਂ ਪਹਿਲੋਂ ਗੁਰੂ ਸਾਹਿਬ ਨੇ ਵਿਸ਼ਨੂੰ ਦੇ ਚੌਵੀ ਅਵਤਾਰਾਂ ਦੀ ਕਥਾ ਲਿਖੀ ਹੈ ਫੇਰ ਬ੍ਰਹਮਾ ਦੇ ਸੱਤ ਅਤੇ ਸ਼ਿਵ ਦੇ ਦੋ ਅਵਤਾਰ- ਦੱਤ ਅਤੇ ਪਾਰਸਨਾਥ ਦੀ ਕਥਾ ਹੈ। ਸ਼ਿਵ ਦੇ ਮਨੁੱਖ ਰੂਪ ਵਿਚ ਜਨਮ ਧਾਰਨ ਬਾਰੇ ਗੁਰੂ ਸਾਹਿਬ ਲਿਖਦੇ ਹਨ-

ਅਬ ਕਰੋ ਤਉਨ ਸੁਧਾਰਿ। ਜੇ ਧਰੇ ਰੁਦ੍ਰ ਅਵਤਾਰ।
ਅਤਿ ਜੋਗ ਸਾਧਨ ਕੀਨ। ਤਬ ਗਰਬ ਕੇ ਰਸ ਭੀਨ।
ਸਰਿ ਆਪ ਜਾਨ ਨ ਅਉਰ। ਸਬ ਦੇਸ ਮੋ ਸਬ ਠੋਰ।
ਤਬ ਕੋਪ ਕੈ ਇਮ ਕਾਲ। ਇਮ ਭਾਖ ਬੈਣ ਉਤਾਲ।

ਜਦੋਂ ਸ਼ਿਵ ਨੂੰ ਆਪਣੇ ਤਪ ਦਾ, ਜੋਗ ਸਾਧਨਾ ਦਾ ਹੰਕਾਰ ਹੋ ਗਿਆ ਤਾਂ ਅਕਾਸ਼ ਬਾਣੀ ਹੋਈ-

ਜੇ ਗਰਬ ਲੋਕ ਕਰੰਤ। ਤੇ ਜਾਨ ਕੂਪ ਪਰੰਤ।
ਮੁਰ ਨਾਮ ਗਰਬ ਪ੍ਰਹਾਰ। ਸੁਨ ਲੇਹੁ ਰੁਦ੍ਰ ਬਿਚਾਰ।

ਭਾਵ ਕਿ ਜੋ ਲੋਕ ਹੰਕਾਰ ਕਰਦੇ ਹਨ ਉਹ ਮਾਨੋਂ ਆਪ ਹੀ ਖੂਹ ਵਿਚ ਡਿੱਗਦੇ ਹਨ। ਅਕਾਲ ਪੁਰਖ ਨੇ ਕਿਹਾ ਕਿ ਮੇਰਾ ਨਾਮ ਗਰਬ ਗੰਜਨ (ਹੰਕਾਰ ਨਿਵਾਰਨ) ਹੈ। ਹੰਕਾਰ ਕਰਨ ਕਰਕੇ ਅਕਾਲ ਦਾ ਆਦੇਸ਼ ਹੋਇਆ-

ਤਿਮ ਜਨਮੁ ਧਰੁ ਤੈ ਜਾਇ।
ਚਿਤ ਦੇ ਸੁਨੋ ਮੁਨਿ ਰਾਇ।
ਨਹੀ ਐਸ ਹੋਇ ਸੁ ਉਧਾਰ।
ਸੁਨ ਲੇਹੁ ਰੁਦ੍ਰ ਬਿਚਾਰ॥

ਚਲਦਾ.......

# ਅੜਬੰਗੀ (ਨਾਵਲ)

ਸਵ. ਸੰਤ ਇੰਦਰ ਸਿੰਘ ਚੱਕਰਵਰਤੀ

ਇਸ ਡਾਕੇ ਦੀ ਜ਼ਿੰਮੇਵਾਰੀ ਸ੍ਰੀ ਅੜਬੰਗੀ ਜੀ ਦੇ ਸਿਰ ਹੀ ਪਈ। ਇਹ ਠੀਕ ਸੀ ਕਿ ਡਾਕਾ ਉਹਨਾਂ ਦੀ ਸਲਾਹ ਨਾਲ ਪਿਆ ਸੀ, ਪਰ ਉਹ ਆਪ ਨਾਲ ਨਹੀਂ ਸਨ ਗਏ ਅਤੇ ਉਨ੍ਹਾਂ ਨੇ ਸਮਝਾ ਦਿੱਤਾ ਕਿ ਕਿਸੇ ਬੰਦੇ ਦਾ ਨੁਕਸਾਨ ਨਹੀਂ ਕਰਨਾ, ਕਿਸੇ ਧੀ ਭੈਣ ਦੀ ਬੇ-ਪਤੀ ਨਹੀਂ ਕਰਨੀ। ਇਸ ਡਾਕੇ ਨੇ ਝੋਲੀ-ਚੁੱਕਾਂ ਦੀਆਂ ਅੱਖਾਂ ਖੋਲ ਦਿੱਤੀਆਂ। ਪਟਿਆਲਾ, ਸੰਗਰੂਰ, ਲੁਧਿਆਣਾ, ਫੀਰੋਜ਼ਪੁਰ, ਬੀਕਾਨੇਰ ਦੇ ਪੁਲੀਸ ਅਫ਼ਸਰਾਂ ਦੀਆਂ ਮੀਟਿੰਗਾਂ ਹੋਈਆਂ ਅਤੇ ਇਸ ਕੇਸ ਨੂੰ ਕੱਢਣ ਦੀ ਜ਼ਿੰਮੇਵਾਰੀ ਇਨਸਪੈਕਟਰ ਮਹਾਂ ਸਿੰਘ ਦੇ ਸਿਰ ਪਈ।

ਮਹਾਂ ਸਿੰਘ ਬਾਰ ਬਰਟਨ ਦਾ ਖ਼ਾਸ ਬੰਦਾ ਤੇ ਪਟਿਆਲਾ ਸੀ.ਆਈ.ਡੀ. ਦਾ ਇਨਸਪੈਕਟਰ ਸੀ। ਸ. ਮਹਾਂ ਸਿੰਘ ਆਪਣਾ ਅਮਲਾ ਫੈਲਾ ਲੈਕੇ ਗੁਪਤ ਤਰੀਕੇ ਨਾਲ ਟੱਬਰ ਟੋਰ ਸਮੇਤ ਸਰਦੂਲਗੜ੍ਹ ਹੀ ਆ ਰਿਹਾ। ਉਸ ਛੋਟੀ ਜਿਹੀ ਕਪੜੇ ਦੀ ਦੁਕਾਨ ਪਾ ਲਈ, ਦੁਕਾਨ 'ਤੇ ਲੋਕਾਂ ਦੀਆਂ ਗੱਲਾਂ ਉਹ ਬਹੁਤ ਧਿਆਨ ਨਾਲ ਸੁਣਦਾ। ਸਾਰੀ ਅੰਗਰੇਜ਼ ਕੌਮ, ਲਾਟ ਸਾਹਿਬ ਤੋਂ ਲੈ ਕੇ ਮਹਾਰਾਜਾ ਪਟਿਆਲਾ ਤੇ ਮਹਾਰਾਜਾ ਬੀਕਾਨੇਰ ਦੀਆਂ ਅੱਖਾਂ ਇਸ ਡਾਕੇ ਵੱਲ ਲੱਗੀਆਂ ਰਹਿੰਦੀਆਂ। ਮਹਾਂ ਸਿੰਘ ਸਾਧਾਰਨ ਜੱਟ ਦੇ ਵੇਸ ਵਿਚ ਡਾਚੀ ਤੇ ਕਪੜੇ ਰੱਖ ਜਾਂ ਡੱਗੀ ਕਿਸੇ ਆਪਣੇ ਬੰਦੇ ਨੂੰ ਚੁਕਵਾ ਪਿੰਡਾਂ ਵਿਚ ਫਿਰਨ ਲੱਗਾ। ਉਹ ਕਪੜਾ ਵੇਚਣ ਦੇ ਬਹਾਨੇ ਹੁਕਮੀ ਦੇ ਪਿੰਡ ਵੀ ਜਾਂਦਾ। ਕਦੀ ਕਦੀ ਇਕੱਲਾ ਹੀ ਕਾਫ਼ੀ ਦੂਰ ਨਿਕਲ ਜਾਂਦਾ।

ਇਕ ਦਿਨ ਸਰਦਾਰ ਮਹਾਂ ਸਿੰਘ ਇਕ ਪਿੰਡ ਦੇ ਨੇੜੇ ਜਾ ਪੁੱਜਾ, ਆਲੇ ਦੁਆਲੇ ਸੰਘਣਾ ਜੰਗਲ ਸੀ। ਪਿੰਡ ਦੇ ਲੋਕੀਂ ਕੋਈ ਉਤਸਵ ਮਨਾ ਰਹੇ ਸਨ।

ਨਿਰਜਲਾ ਨਿਮਾਣੀ ਇਕਾਦਸ਼ੀ ਦਾ ਦਿਨ ਸੀ। ਅਜਿਹੇ ਸਖ਼ਤ ਗਰਮੀ ਦੇ ਦਿਨ ਪਿੰਡ ਦੇ ਸਾਰੇ ਲੋਕੀ ਬੇਸੁਧ ਮਸਤ ਹੋ ਰਹੇ ਸਨ। ਉਹ ਕਪੜਾ ਵੇਚਣ ਦਾ ਹੋਕਾ ਦਿੰਦਾ ਪਿੰਡ ਦੇ ਵਿਚ ਫਿਰਨ ਲੱਗਾ। ਪਿੰਡਾਂ ਵਿੱਚ ਇਹ ਅਫ਼ਵਾਹ ਆਮ ਉੱਡ ਗਈ ਸੀ ਕਿ ਕੋਈ ਵੱਡਾ ਅਫ਼ਸਰ ਅੜਬੰਗ ਸਿੰਘ ਜੀ ਹੋਰਾਂ ਦੀ ਭਾਲ ਵਿਚ ਆਇਆ ਹੈ। ਇਹ ਸੁਣ ਕੇ ਲੋਕੀਂ ਬਹੁਤ ਦੁਖੀ ਹੋਏ। ਉਹ ਅੜਬੰਗੀ ਜੀ ਨੂੰ ਦਿਲੋਂ ਚਾਹੁੰਦੇ ਹੀ ਨਹੀਂ ਸਨ ਸਗੋਂ ਦੇਵਤਾ ਸਮਝ ਕੇ ਪੂਜਾ ਕਰਦੇ ਸਨ। ਪਿੰਡ ਵਿਚ ਫਿਰਦਿਆਂ ਨੂੰ ਲੋਕਾਂ ਪੁੱਛਿਆ-

ਤੁਸੀਂ ਕੌਣ ਹੋ ਜੀ।

"ਕਪੜਾ ਵੇਚਣ ਵਾਲਾ ਬਜਾਜ।"

ਇਹ ਗੱਲ ਸਰਦਾਰ ਮਹਾਂ ਸਿੰਘ ਨੇ ਬੜੇ ਹੌਂਸਲੇ ਨਾਲ ਕਹੀ, ਫਿਰ ਵੀ ਲੋਕਾਂ ਦਾ ਸ਼ੱਕ ਦੂਰ ਨਾ ਹੋਇਆ।

"ਮੈਨੂੰ ਤੇ ਕੋਈ ਭੇਤੀਆ ਲਗਦੈ ? ਇਕ ਨੇ ਕਿਹਾ।

"ਫੜ ਲਓ ਬਦਜ਼ਾਤ ਨੂੰ ...!...? ਦੂਜੇ ਨੇ ਕਿਹਾ।

"ਅਜੇ ਪਿੰਡ ਵਿਚ ਹੀ ਹੈ...?

"ਮੈਨੂੰ ਵੀ ਪੁਛਦਾ ਸੀ ਕਿ ਪਿੰਡ ਵਿਚ ਕਿਸ ਗੱਲ ਦੀ ਖੁਸ਼ੀ ਮਨਾਈ ਜਾ ਰਹੀ ਹੈ ? ਇਕ ਬਾਜ਼ੀਗਰਨੀ ਬੋਲੀ।

"ਤੈਂ ਕੀ ਕਿਹਾ ?" ਓਨ੍ਹਾਂ ਪੁੱਛਿਆ।

"ਮੈਂ ਕਿਹਾ ਅੜਬੰਗੀ ਬਾਬਾ ਆਏ ਨੇ।"

ਫਿਰ?

"ਫਿਰ ਉਹ ਬੋਲਿਆ ਕੁਝ ਨਹੀਂ ਬਾਹਰ ਨਿਕਲ ਗਿਆ।"

"ਭੇਤੀਆ ਹੀ ਹੈ।"

"ਚਲੋ ਫੜ ਲਈਏ। ਕੋਈ ਗੜਬੜ ਨਾ ਕਰੇ।"

ਬਹੁਤ ਸਾਰੇ ਬੰਦੇ ਉਸ ਦੇ ਮਗਰ ਹੋ ਗਏ। ਉਸ ਨੂੰ ਥੋੜ੍ਹੀ ਦੂਰ 'ਤੇ ਜਾ ਘੇਰਿਆ। ਅਜੇ ਉਹ ਪਿੰਡ ਦੀ ਹੱਦ ਨਹੀਂ ਸੀ ਲੰਘਿਆ। ਸਰਦਾਰ ਨੇ ਆਪਣਾ ਪਸਤੌਲ ਕੱਢ ਲਿਆ, ਉਹ ਚਲਾਉਣ ਹੀ ਲਗਾ ਸੀ ਕਿ ਪਿਛਿਓਂ ਕਿਸੇ ਮਜ਼ਬੂਤ ਹੱਥ ਨੇ ਉਸ ਦੀ ਕਲਾਈ ਫੜਕੇ ਪਸਤੌਲ ਖੋਹ ਲਿਆ। ਲੋਕਾਂ ਕਿਹਾ, ਰੂੜ ਸਿੰਘ ਜੀ ਬੜੇ ਮੌਕੇ ਸਿਰ ਅੱਪੜੇ। ਸਰਦਾਰ ਸਾਹਿਬ ਨੂੰ ਰੱਸੀਆਂ ਨਾਲ ਬੋਹੜ ਨਾਲ

ਬੰਨ੍ਹ ਦਿੱਤਾ, ਰੂੜ ਸਿੰਘ ਜੀ ਬਲੂਆਣੀ, ਲੋਕਾਂ ਨੂੰ ਉਸ ਦੀ ਦੇਖ-ਰੇਖ ਦੀ ਪਕਿਆਈ ਕਰਕੇ ਆਪ ਪਿੰਡ ਨੂੰ ਚਲੇ ਗਏ। ਰੂੜ ਸਿੰਘ ਜੀ ਨੂੰ ਸਰਦਾਰ ਜਾਣਦਾ ਸੀ। ਉਸ ਕਿਹਾ -"ਰੂੜ ਸਿੰਘ ਜੀ ਤੁਸੀਂ ਕਿਧਰ ?

"ਤੁਹਾਡੇ ਮਗਰ-ਮਗਰ। ਸਰਦਾਰ ਸਾਹਿਬ, ਤੁਸੀਂ ਅੜਬੰਗੀ ਬਾਬਾ ਜੀ ਨੂੰ ਫੜਨ ਕਿਉਂ ਆਏ ਹੋ ? ਅੜਬੰਗੀ ਜੀ ਪੰਡਤ ਦੁਰਗੇ ਦੀ ਕੁੜੀ ਦਾ ਵਿਆਹ ਕਰਕੇ, ਕੰਨਿਆ ਦਾਨ ਪਾ ਕੇ ਫਿਰ ਆ ਕੇ ਤੁਹਾਨੂੰ ਟਿਕਾਣੇ ਲਾਉਣਗੇ।" ਇਹ ਆਖ ਕੇ ਰੂੜ ਸਿੰਘ ਜੀ ਚਲੇ ਗਏ।

ਹੁਣ ਜੀਅ ਦੀ ਖੈਰ ਨਹੀਂ ਸੀ। ਜਾਨ ਤੋਂ ਹੱਥ ਧੋ ਬੈਠਾ ਸੀ। ਫਿਰ ਆਪ ਹੀ ਕਹਿੰਦਾ ਸੀ ਕੀ ਹੋਇਆ? ਜੇ ਜਾਨ ਚਲੀ ਗਈ, ਫ਼ਰਜ਼ ਤੇ ਪੂਰਾ ਹੋ ਜਾਏਗਾ।

ਵਿਆਹ ਸਮਾਪਤ ਹੋ ਗਿਆ। ਉਸ ਦੇ ਸਾਹਮਣੇ ਇਕ ਨੌਜੁਆਨ ਖਲੋਤਾ ਨਜ਼ਰ ਪਿਆ, ਲੋਕੀਂ ਇਕੱਠੇ ਹੋ ਕੇ ਸਰਦਾਰ ਮਹਾਂ ਸਿੰਘ ਦੇ ਕੋਲ ਆ ਗਏ।

ਰਾਤ ਕਾਫ਼ੀ ਬੀਤ ਗਈ ਸੀ। ਉਹ ਬੰਦਾ ਜੋ ਉਸ ਦੇ ਸਾਹਮਣੇ ਖਲੋਤਾ ਸੀ। ਉਸ ਦਾ ਵਿਸ਼ਾਲ, ਭੈ-ਰਹਿਤ ਚਿਹਰਾ, ਵੱਡੀਆਂ-ਵੱਡੀਆਂ ਦਿਆਲੂ ਅੱਖਾਂ, ਕੋਮਲ ਦਿਲ। ਕੁਝ ਚਿਰ ਉਸ ਦੇ ਵੱਲ ਵੇਖ ਕੇ, ਉਸ ਨੇ ਕਿਹਾ-

"ਸਰਦਾਰ ਸਾਹਿਬ ?"

ਅਗੋਂ ਸ੍ਰ. ਮਹਾਂ ਸਿੰਘ ਦੀ ਜ਼ਬਾਨੀ ਸੁਣੋ:

ਮੈਨੂੰ ਹੈਰਾਨੀ ਹੋਈ। ਇਸ ਬੰਦੇ ਨੇ ਮੈਨੂੰ ਭੇਸ ਬਦਲੇ ਹੋਏ ਨੂੰ ਕਿਵੇਂ ਪਛਾਣ ਲਿਆ, ਭੇਸ ਬਦਲਨ ਪਿਛੋਂ ਤੇ ਮੇਰੀ ਮਾਸੀ ਵੀ ਮੈਨੂੰ ਪਛਾਣ ਨਹੀਂ ਸੀ ਸਕਦੀ। ਇਹ ਵਚਿੱਤਰ ਬੰਦਾ ਕੌਣ ਹੈ?

ਉਹ ਮੇਰੇ ਦਿਲ ਦੇ ਭਾਵਾਂ ਨੂੰ ਸਮਝ ਗਏ, ਉਨ੍ਹਾਂ ਕਿਹਾ, "ਸਰਦਾਰ ਸਾਹਿਬ ਅੜਬੰਗੀ ਸਿੰਘ ਦੀਆਂ ਅੱਖੀਆਂ ਤੋਂ ਆਪਣੇ ਆਪ ਨੂੰ ਕੋਈ ਲੁਕਾ ਕੇ ਨਹੀਂ ਰੱਖ ਸਕਦਾ। ਆਪ ਇਸ ਵੇਲੇ ਤੱਕ ਕੀ ਕਰਦੇ ਰਹੇ ਹੋ। ਸੱਭੋ ਕੁਝ ਮੇਰੇ ਕੰਨਾਂ ਤੀਕ ਪੁੱਜ ਜਾਂਦਾ ਰਿਹਾ ਹੈ।

ਮੈਂ ਅੜਬੰਗੀ ਦਾ ਨਾਂ ਸੁਣਦਿਆਂ ਹੀ ਦਹਿਲ ਗਿਆ। ਫਿਰ ਹੈਰਾਨੀ ਨਾਲ ਉਸ ਵੱਲ ਦੇਖਣ ਲੱਗਾ। ਅੜਬੰਗੀ ਫਿਰ ਕਿਹਾ:

"ਸਰਦਾਰ ਸਾਹਿਬ ! ਆਪ ਮੈਨੂੰ ਕਿਸ ਜ਼ੁਰਮ ਵਿਚ ਫੜਨਾ ਚਾਹੁੰਦੇ ਹੋ?"

"ਡਾਕਾ ਮਾਰਨ ਦੇ" ਮੈਂ ਕਿਹਾ।

"ਤੁਸੀਂ ਗਲਤ ਹੋ, ਮੈਂ ਨਾ ਡਾਕਾ ਮਰਦਾ ਹਾਂ, ਨਾ ਡਾਕੇ ਦੇ ਮਾਲ ਦੀ ਕੌਡੀ ਆਪਣੇ ਲਈ ਖ਼ਰਚ ਕਰਦਾ ਹਾਂ, ਧਨੀ ਸਰਮਾਏਦਾਰਾਂ ਤੋਂ ਪੈਸੇ ਲੈ ਕੇ ਗਰੀਬਾਂ ਨੂੰ ਦੇਣੇ ਡਾਕਾ ਮਾਰਨਾ ਹੈ ?"

"ਕਾਨੂੰਨ ਦੀਆਂ ਨਜ਼ਰਾਂ ਵਿੱਚ ਤੇ ਡਾਕਾ ਹੀ ਸਮਝਿਆ ਜਾਂਦਾ ਹੈ।"

"ਲਾਹਣਤ ਹੈ ਅਜਿਹੇ ਕਾਨੂੰਨ ਤੇ ਕਾਨੂੰਨ ਬਨਾਉਣ ਵਾਲਿਆਂ ਨੂੰ, ਜਿਸ ਨਾਲ ਗਰੀਬ ਭੁੱਖੇ ਮਰਨ ਤੇ ਅਮੀਰ ਮੌਜਾਂ ਕਰਨ। ਇਸ ਦੇ ਨਾਲ ਹੀ ਸ੍ਰੀ ਅੜਬੰਗੀ ਜੀ ਦੀਆਂ ਅੱਖੀਆਂ ਵਿਚੋਂ ਅੱਥਰੂਆਂ ਦੀ ਝੜੀ ਲੱਗ ਗਈ।

ਮੈਂ ਅੜਬੰਗੀ ਜੀ ਦੀ ਦਿਆਲਤਾ ਤੇ ਗਰੀਬ ਪ੍ਰਵਿਰਤੀ ਤੇ ਬਹੁਤ ਹੀ ਹੈਰਾਨ ਹੋਇਆ ਅਤੇ ਮਨ ਵਿੱਚ ਸੋਚਣ ਲਗਿਆ -"ਇਹ ਡਾਕੂ ਨਹੀਂ! ਇਹ ਤੇ ਕੋਈ ਰਹਿਮ ਜਾਂ ਤਰਸ ਦਾ ਦੇਵਤਾ ਹੈ।"

ਮੈਨੂੰ ਕਿਸੇ ਖ਼ਾਸ ਵਿਚਾਰ ਵਿਚ ਪਿਆ ਵੇਖ ਕੇ ਅੜਬੰਗੀ ਜੀ ਕਹਿਣ ਲੱਗੇ:

"ਸਰਦਾਰ ਸਾਹਿਬ , ਆਪ ਛੇਤੀ ਤੋਂ ਛੇਤੀ ਇਥੋਂ ਚਲੇ ਜਾਓ, ਅਜਿਹਾ ਨਾ ਹੋਵੇ ਕੋਈ ਪੁਲਿਸ ਦਾ ਸਤਾਇਆ ਹੋਇਆ ਆਪ ਜੀ ਨੂੰ ਕੋਈ ਨੁਕਸਾਨ ਪੁਜਾ ਦੇਵੇ।" ਉਨ੍ਹਾਂ ਮੇਰੇ ਬੰਧਨ ਖੋਲ੍ਹ ਦਿੱਤੇ ਅਤੇ ਆਖਣ ਲੱਗੇ- "ਜਲਦੀ ਤੋਂ ਜਲਦੀ ਨੱਸ ਜਾਓ।"

ਤੁਰਨ ਲਗਿਆਂ ਮੈਂ ਕਿਹਾ - "ਅੜਬੰਗੀ ਜੀ, ਤੁਸੀਂ ਸੱਚੇ ਬਹਾਦਰ ਹੋ। ਮੈਂ ਤੁਹਾਡਾ ਇਹ ਅਹਿਸਾਨ ਕਦੀ ਵੀ ਨਹੀਂ ਭੁੱਲਾਂਗਾ। ਮੈਂ ਕੀ ਕਰਾਂ ਫ਼ਰਜ਼ ਦੀ ਅਦਾਇਗੀ ਮੈਨੂੰ ਕੁਝ ਨਹੀਂ ਕਰਨ ਦਿੰਦੀ।"

"ਫ਼ਰਜ਼ ਦੀ ਅਦਾਇਗੀ ਉਨੀ ਨਹੀਂ ਜਿੰਨੀ ਪੈਸੇ ਦੀ ਲਾਲਸਾ ਹੈ। ਮੇਰੇ ਸਤਿਗੁਰੂ ਦਾ ਹੁਕਮ ਬੁਰਿਆਂ ਨਾਲ ਭਲਾਈ ਕਰਨੀ ਹੈ ਅਤੇ ਤੁਹਾਡਾ ਭਲਿਆਂ ਨਾਲ ਬੁਰਿਆਈ। ਜੋ ਕਰਨਾ ਜੇ ਕਰ ਲੈਣਾ, ਇਹ ਗੱਲਾਂ ਦਾ ਸਮਾਂ ਨਹੀਂ, ਨੱਸਣ ਦੀ ਕਰੋ।"

ਇਹ ਆਖ ਅੜਬੰਗੀ ਜੀ ਜੰਗਲ ਵੱਲ ਉੱਠ ਤੁਰੇ ਅਤੇ ਮੈਂ ਸਰਦੂਲਗੜ੍ਹ ਨੂੰ ਚਲਾ ਗਿਆ।

ਚਲਦਾ......

## ਕਾਵਿ-ਕਿਆਰੀ

# ਭਾਰਤ ਦੀ ਆਜ਼ਾਦੀ

ਸੁਣੋ ਸੁਣਾਵਾਂ ਹਾਲ ਤੁਹਾਨੂੰ ਭਾਰਤ ਦੀ ਬਰਬਾਦੀ ਦਾ।
ਘੁੰਡ ਉਠਾ ਕੇ ਕਿਵੇਂ ਵੇਖਿਆ ਮੁਖੜਾ ਅਸੀਂ ਆਜ਼ਾਦੀ ਦਾ।
ਜਦੋਂ ਜ਼ੁਲਮ ਦੀ ਹਵਾ ਸ਼ੁਕਦੀ ਸਾਡੀ ਲੁੱਟ ਬਹਾਰ ਗਈ।
ਲੱਖਾਂ ਹੀ ਮਨਸੂਰਾਂ ਦੀ ਉਹ ਅਣਖ ਤਾਈ ਵੰਗਾਰ ਗਈ।
ਸੰਗਰਾਮਾਂ ਦਾ ਸੂਰਜ ਚੜ੍ਹਿਆ ਦੇਸ਼ ਆਜ਼ਾਦ ਕਰਾਵਣ ਨੂੰ।
ਕਿਰਤੀ ਅਤੇ ਕਿਸਾਨ ਜਾਗਿਆ ਮੋੜ ਬਹਾਰਾਂ ਲਿਆਵਣ ਨੂੰ।
ਦੇਸ਼-ਬਦੇਸ਼ਾਂ ਅੰਦਰ ਜਾਗੇ ਭਾਰਤ ਮਾਂ ਦੇ ਜਾਏ ਸੀ।
ਫਿਰ ਬੱਜ-ਬਜ ਦੇ ਘਾਟ ਜਾਗ ਕੇ ਗ਼ਦਰੀ ਵੀਰ ਜਗਾਏ ਸੀ।
ਕਣ-ਕਣ ਅੰਦਰ ਆਜ਼ਾਦੀ ਦਾ ਗੂੰਜ ਪਿਆ ਇਕ ਨਾਅਰਾ ਸੀ।
ਇਹ ਤੱਕ ਗੋਰਾ ਭੜਕ ਉੱਠਿਆ ਜੋ ਡਾਢਾ ਹਥਿਆਰਾ ਸੀ।
ਫੇਰ ਬੇਝਿਜਕੀ ਨਾਲ ਸੀ, ਖੋਲ੍ਹੇ ਮੂੰਹ ਉਹਨੇ ਬੰਦੂਕਾਂ ਦੇ।
ਹਰ ਪਾਸੇ ਤੋਂ ਸੱਦੇ ਆਵਣ ਦਿਲ ਦਿਹਲਾਊ ਕੂਕਾਂ ਦੇ।
ਪਰ ਭਾਰਤੀਆਂ ਸੁੱਖ ਲਿਆ ਸੀ ਕਰੀਏ ਬੰਦ ਖਲਾਸਾ ਹੋ।
ਲੋਥਾਂ ਦੇ ਅੰਬਾਰ ਉਬਾਰੇ ਤੇ ਪਿੰਡਿਆਂ 'ਤੇ ਲਾਸ਼ਾਂ ਹੋ।
ਵਾ ਵੱਗੀ ਫਿਰ ਹਰ ਕੋਨੇ ਤੋਂ ਡੂੰਘੇ ਵਤਨ ਪਿਆਰਾਂ ਦੀ।
ਫਿਰ ਪ੍ਰਵਾਹ ਨਾ ਕਰੀ ਕਿਸੇ ਨੇ ਦਾਰਾਂ ਦੀ ਨਾ ਮਾਰਾਂ ਦੀ।
ਜਦ ਜ਼ੁਲਮ ਦੀ ਅੱਤ ਹੋ ਗਈ, ਜ਼ਾਲਮ ਜ਼ੁਲਮੋਂ ਅੱਕ ਗਿਆ।
ਫਿਰਕੇਦਾਰੀ ਦਾਬੀ ਪਾ ਕੇ ਜ਼ਾਲਮ ਇੱਥੋਂ ਨੱਸ ਗਿਆ।
ਭਾਰਤ ਮਾਂ ਦੇ ਦਿਲ ਦੇ ਟੋਟੇ ਭਾਰਤ, ਪਾਕਿਸਤਾਨ ਬਣੇ।
ਅਕਲ ਵਾਲਿਓ ਕਿਵੇਂ ਦੋਹਾਂ ਦਾ ਸਾਂਝਾ ਹਿੰਦੁਸਤਾਨ ਬਣੇ।
ਲਈ ਆਜ਼ਾਦੀ ਨਾਲ ਸਿਰਾਂ ਦੇ, ਐਵੇਂ ਨਾ ਹੱਥ ਆਈ ਹੈ।
ਇਹਦੇ ਨਾਂ ਦੀ ਰੱਖੜੀ ਬਣੀਏ, ਇਹ ਸਾਡੀ ਵਡਿਆਈ ਹੈ।

-ਸੰਤ ਰਾਮ ਉਦਾਸੀ

# ਸੁਬਹ-ਏ-ਆਜ਼ਾਦੀ
# (ਅਗਸਤ 1947)

ਯੇ ਦਾਗ਼ ਦਾਗ਼ ਉਜਾਲਾ, ਯੇ ਸ਼ਬ ਗਜ਼ੀਦਾ[1] ਸਹਰ
ਵੋ ਇੰਤਜ਼ਾਰ ਥਾ ਜਿਸ ਕਾ, ਯੇ ਵੋ ਸਹਰ ਤੋ ਨਹੀਂ
ਯੇ ਵੋ ਸਹਰ ਤੋ ਨਹੀਂ ਜਿਸ ਕੀ ਆਰਜ਼ੂ ਲੇ ਕਰ
ਚਲੇ ਥੇ ਯਾਰ ਕਿ ਮਿਲ ਜਾਏ ਗੀ ਕਹੀਂ ਨਾ ਕਹੀਂ
ਫ਼ਲਕ[2] ਕੇ ਦਸ਼ਤ ਮੇਂ ਤਾਰੋਂ ਕੀ ਆਖ਼ਰੀ ਮੰਜ਼ਿਲ
ਕਹੀਂ ਤੋ ਹੋਗਾ ਸ਼ਬ-ਏ-ਸੁਸਤ ਮੌਜ ਕਾ ਸਾਹਿਲ
ਕਹੀਂ ਤੋ ਜਾ ਕੇ ਰੁਕੇਗਾ ਸਫ਼ੀਨਾ-ਏ-ਗ਼ਮ-ਏ-ਦਿਲ[3]
ਜਵਾਂ ਲਹੂ ਕੀ ਪੁਰ-ਅਸਰਾਰ[4] ਸ਼ਾਹ-ਰਾਹੋਂ ਸੇ
ਚਲੇ ਜੋ ਯਾਰ ਤੋ ਦਾਮਨ ਪੇ ਕਿਤਨੇ ਹਾਥ ਪੜੇ
ਦਯਾਰ-ਏ-ਹੁਸਨ[5] ਕੀ ਬੇ-ਸਬਰ ਖ਼ਾਬ-ਗਾਹੋਂ ਸੇ
ਪੁਕਾਰਤੀ ਰਹੀਂ ਬਾਹੇਂ ਬਦਨ ਬੁਲਾਤੇ ਰਹੇ
ਬਹੁਤ ਅਜ਼ੀਜ਼ ਥੀ ਲੇਕਿਨ ਰੁਖ਼-ਏ-ਸਹਰ ਕੀ ਲਗਨ
ਬਹੁਤ ਕਰੀਂ ਥਾ ਹਸੀਨਾਨ-ਏ-ਨੂਰ ਕਾ ਦਾਮਨ
ਸੁਬਕ-ਸੁਬਕ[6] ਥੀ ਤਮੰਨਾ, ਦਬੀ ਦਬੀ ਥੀ ਥਕਨ
ਸੁਨਾ ਹੈ ਹੋ ਭੀ ਚੁਕਾ ਹੈ ਫ਼ਿਰਾਕ-ਏ-ਜ਼ੁਲਮਤ-ਓ-ਨੂਰ[7]
ਸੁਨਾ ਹੈ ਹੋ ਭੀ ਚੁਕਾ ਹੈ ਵਿਸਾਲ-ਏ-ਮੰਜ਼ਿਲ-ਓ-ਗਾਮ
ਬਦਲ ਚੁਕਾ ਹੈ ਬਹੁਤ ਅਹਲ-ਏ-ਦਰਦ ਕਾ ਦਸਤੂਰ
ਨਿਸ਼ਾਤ-ਏ-ਵਸਲ[8] ਹਲਾਲ-ਵ-ਅਜ਼ਾਬ-ਏ-ਹਿਜਰ[9] ਹਰਾਮ
ਜਿਗਰ ਕੀ ਆਗ, ਨਜ਼ਰ ਕੀ ਉਮੰਗ, ਦਿਲ ਕੀ ਜਲਨ
ਕਿਸੀ ਪੇ ਚਾਰਾ-ਏ-ਹਿਜਰਾਂ[10] ਕਾ ਕੁਛ ਅਸਰ ਹੀ ਨਹੀਂ
ਕਹਾਂ ਸੇ ਆਈ ਨਿਗਾਰ-ਏ-ਸਬਾ[11] ਕਿਧਰ ਕੋ ਗਈ
ਅਭੀ ਚਰਾਗ਼-ਏ-ਸਰ-ਏ-ਰਹਿ[12] ਕੋ ਕੁਛ ਖ਼ਬਰ ਹੀ ਨਹੀਂ
ਅਭੀ ਗਿਰਾਨੀ-ਏ-ਸ਼ਬ ਮੇਂ ਕਮੀ ਨਹੀਂ ਆਈ
ਨਿਜਾਤ-ਏ-ਦੀਦਾ-ਓ-ਦਿਲ ਕੀ ਘੜੀ ਨਹੀਂ ਆਈ
ਚਲੇ ਚਲੋ ਕਿ ਵੋਹ ਮੰਜ਼ਿਲ ਅਭੀ ਨਹੀਂ ਆਈ।

1. ਹਨ੍ਹੇਰੀ ਸਵੇਰ 2. ਆਸਮਾਨ 3. ਦਿਲ ਦੇ ਦੁੱਖ ਦੀ ਕਿਸ਼ਤੀ 4. ਭੇਦਾਂ ਨਾਲ ਭਰੀ 5. ਹੁਸਨ ਦਾ ਸ਼ਹਿਰ 6. ਕੋਮਲ ਕੋਮਲ 7. ਰੌਸ਼ਨੀ ਦਾ ਹਨ੍ਹੇਰੇ ਨਾਲ ਮਿਲਣ 8. ਮਿਲਣ ਦੀ ਖੁਸ਼ੀ 9. ਬਿਰਹਾ ਦਾ ਸਰਾਪ 10. ਬਿਰਹਾ ਦਾ ਇਲਾਜ 11. ਹਵਾ ਦੀ ਖ਼ੁਸ਼ਬੂ 12. ਰਸਤੇ ਦਾ ਦੀਵਾ

# ਮੈਂ ਲੜਿਆ ਤੇ ਮੈਥੋਂ ਅੰਗ੍ਰੇਜ਼ ਡਰ ਗਏ

ਲੱਖਾਂ ਕਸ਼ਟ ਤਾਂ ਝੱਲ ਲਏ ਜਾਨ ਉੱਤੇ,
ਪਰ ਮੈਂ ਜੂੜ ਗੁਲਾਮੀ ਦਾ ਵੱਢ ਦਿੱਤਾ।
ਮੈਂ ਲੜਿਆ ਤੇ ਮੈਥੋਂ ਅੰਗ੍ਰੇਜ਼ ਡਰ ਗਏ,
ਉਨ੍ਹਾਂ ਹਿੰਦੋਸਤਾਨ ਨੂੰ ਛੱਡ ਦਿੱਤਾ।

ਕਦੀ ਕੂਕਾ ਬਣ ਕੇ ਕਦੀ ਗ਼ਦਰੀ ਬਣ ਕੇ,
ਬੱਬਰ ਬਣ ਕੇ ਕਦੀ ਮੈਂ ਰਿਹਾ ਲੜਦਾ।
ਕਈ ਤਾਂ ਭੱਜੇ ਸੀ ਮੌਤ ਦੇ ਮੂਹਰੇ-ਮੂਹਰੇ,
ਪਰ ਮੈਂ ਮੌਤ ਦੇ ਮੂੰਹੀਂ ਰਿਹਾ ਆਪ ਚੜ੍ਹਦਾ।
ਅੰਡੇਮਾਨ ਦੀਆਂ ਜੇਲ੍ਹਾਂ ਵੀ ਕੱਟ ਲਈਆਂ
ਪਰ ਮੈਂ ਦੇਸ਼ੋਂ ਗੁਲਾਮੀ ਨੂੰ ਕੱਢ ਦਿੱਤਾ।
ਮੈਂ ਲੜਿਆ ਤੇ ਮੈਥੋਂ ਅੰਗ੍ਰੇਜ਼ ਡਰ ਗਏ,
ਉਨ੍ਹਾਂ ਹਿੰਦੋਸਤਾਨ ਨੂੰ ਛੱਡ ਦਿੱਤਾ।

ਨੌਵੇਂ ਗੁਰਾਂ ਜੋ ਮੈਨੂੰ ਪੈਗ਼ਾਮ ਦਿੱਤਾ,
ਉਹਨੂੰ ਮਨੋਂ ਨਾ ਕਦੀ ਭੁਲਾਇਆ ਹੋਊਗਾ।
ਯੁੱਗ-ਪਲਟ ਬਣਿਆ ਭਗਤ ਸਿੰਘ ਬਣਿਆ,
ਪਰ ਨਾ ਜ਼ੁਲਮ ਨੂੰ ਸਿਰ ਝੁਕਾਇਆ ਹੋਊਗਾ।
ਸੁੰਨਾ ਕਦੀ ਨਾ ਛੱਡਿਆ ਉਹ ਝੰਡਾ,
ਜਿਹੜਾ ਮੇਰਿਆਂ ਆਗੂਆਂ ਗੱਡ ਦਿੱਤਾ।
ਮੈਂ ਲੜਿਆ ਤੇ ਮੈਥੋਂ ਅੰਗ੍ਰੇਜ਼ ਡਰ ਗਏ,
ਉਨ੍ਹਾਂ ਹਿੰਦੋਸਤਾਨ ਨੂੰ ਛੱਡ ਦਿੱਤਾ।

ਕਦੀ ਅਜ਼ਾਦ ਮੁਹੰਮਦ ਸਿੰਘ ਬਣਿਆ,
ਕਦੀ ਝਪਟਿਆ ਵੈਰੀ ਤੇ ਕਾਲ ਬਣ ਕੇ।
ਕਦੀ ਅੰਬਰੀ ਬਿਜਲੀ ਵੀ ਰਿਹਾ ਬਣਦਾ,
ਕਦੀ ਜਲਦਾ ਰਿਹਾ ਮਿਸ਼ਾਲ ਬਣਕੇ।
ਕਦੀ ਖੜਕਿਆ ਨੰਗੀ ਤਲਵਾਰ ਬਣ ਕੇ,
ਥਾਂ-ਥਾਂ ਤੋਂ ਵੈਰੀ ਨੂੰ ਵੱਢ ਦਿੱਤਾ।
ਮੈਂ ਲੜਿਆ ਤੇ ਮੈਥੋਂ ਅੰਗ੍ਰੇਜ਼ ਡਰ ਗਏ,
ਉਨ੍ਹਾਂ ਹਿੰਦੋਸਤਾਨ ਨੂੰ ਛੱਡ ਦਿੱਤਾ।

ਜੰਗ ਲੜੀ ਮੈਂ ਸਦਾ ਅਡੋਲ ਰਹਿ ਕੇ,
ਮੇਰੇ ਰਾਹ 'ਚ ਬੜੇ ਤੂਫ਼ਾਨ ਆਏ।
ਪਰ ਕੋਈ ਮੇਰੀ ਭਗੌਤੀ ਨਾ ਰੋਕ ਸਕਿਆ,
ਮੇਰੇ ਰਾਹ 'ਚ ਕਈ ਖੱਬੀ ਖਾਨ ਆਏ।
ਸੜੇ ਸਾਂਡਰਸ ਬੀ.ਟੀ. ਵੀ ਬੜੇ ਮਾਰੇ,
ਸਰ ਮਾਈਕਲ ਦਾ ਕੰਡਾ ਵੀ ਕੱਢ ਦਿੱਤਾ,
ਮੈਂ ਲੜਿਆ ਤੇ ਮੈਥੋਂ ਅੰਗ੍ਰੇਜ਼ ਡਰ ਗਏ,
ਉਨ੍ਹਾਂ ਹਿੰਦੋਸਤਾਨ ਨੂੰ ਛੱਡ ਦਿੱਤਾ।

ਨਬਜ਼ ਸਮੇਂ ਦੀ ਸਦਾ ਦੇ ਵਾਂਗ ਚੱਲੀ,
ਓਧਰ ਸ਼ਮਾਂ ਕ੍ਰਾਂਤੀ ਦੀ ਬਲਦੀ ਰਹੀ।
ਮੈਂ ਲੜੀ ਗਿਆ 'ਮੰਡ' ਲਿਖੀ ਗਿਆ,
ਮੇਰੀ ਚਰਬੀ ਸ਼ਮਾਂ ਤੇ ਢਲਦੀ ਰਹੀ।
ਉੱਨੀ ਸੌ ਸੰਤਾਲੀ ਅਗਸਤ ਪੰਦਰਾਂ,
ਲਾਲ ਕਿਲ੍ਹੇ ਤੇ ਝੰਡਾ ਮੈਂ ਗੱਡ ਦਿੱਤਾ।
ਮੈਂ ਲੜਿਆ ਤੇ ਮੈਥੋਂ ਅੰਗ੍ਰੇਜ਼ ਡਰ ਗਏ,
ਉਨ੍ਹਾਂ ਹਿੰਦੋਸਤਾਨ ਨੂੰ ਛੱਡ ਦਿੱਤਾ।

ਹਜ਼ਾਰਾ ਸਿੰਘ ਮੰਡ

# ਸੁੱਚੇ ਮੋਤੀ

## ਬੇਲਾਗਤਾ

ਮੁਕਤੀ ਦਾ ਅਭਿਲਾਸ਼ੀ ਇਕ ਚੇਲਾ ਬੜੀ ਭਟਕਣਾ ਤੋਂ ਬਾਅਦ ਇਕ ਸਿੱਧ ਪੁਰਸ਼ ਮਹਾਤਮਾ ਦੇ ਆਸ਼ਰਮ ਵਿੱਚ ਗਿਆ ਅਤੇ ਮੁਕਤੀ ਲਈ ਬਿਨੈ ਕੀਤੀ।

"ਮੁਕਤੀ ਦੀ ਪਹਿਲੀ ਪੌੜੀ ਹੈ ਕਾਮ ਅਤੇ ਬਾਕੀ ਵਿਕਾਰਾਂ 'ਤੇ ਕਾਬੂ ਪਾਉਣਾ, ਕਾਮ 'ਤੇ ਵਿਸ਼ੇਸ਼" ਮਹਾਤਮਾ ਨੇ ਕਿਹਾ।

"ਕਾਮ ਨੂੰ ਕਾਬੂ ਕਰਨ ਦਾ ਕੋਈ ਢੰਗ?" ਚੇਲੇ ਨੇ ਕਿਹਾ।

"ਇਸਤਰੀ ਪ੍ਰਤੀ ਕਾਮੁਕ ਵਿਕਾਰਾਂ ਤੋਂ ਦੂਰੀ ਰੱਖਣੀ, ਪਰ ਇਸਤਰੀ ਤਾਂ ਜੀਵਨ ਦਾ ਹਿੱਸਾ ਹੈ।" ਚੇਲੇ ਨੇ ਕਿਹਾ।

"ਇਹੋ ਤਪੱਸਿਆ ਹੈ, ਇਨ੍ਹਾਂ ਵਿਚ ਰਹਿੰਦੇ ਹੋਏ ਵੀ ਇਨ੍ਹਾਂ ਤੋਂ ਬੇਲਾਗਤਾ, ਬੇਲਾਗਤਾ ਦੀ ਪਰਿਭਾਸ਼ਾ ਕੀ ਹੈ?" ਚੇਲੇ ਨੇ ਪੁੱਛਿਆ।

"ਜਿਵੇਂ ਚਿੱਕੜ ਵਿਚ ਕੰਵਲ ਅਤੇ ਪਾਣੀ ਵਿਚ ਮੁਰਗਾਬੀ ਦਾ ਰਹਿਣਾ ਚਿੱਤ ਹੋ ਕੇ ਵੀ ਬੇਲਾਗ। ਮਨ ਵਿਚ ਵਿਚਾਰ ਆਉਣਾ ਵੀ ਦਰ ਕਿਨਾਰ।" ਮਹਾਤਮਾ ਨੇ ਕਿਹਾ।

ਚੇਲੇ ਨੇ ਗੁਰੂ ਦੀ ਗੱਲ ਪੱਲੇ ਬੰਨ੍ਹ ਲਈ ਕਿ ਜੇਕਰ ਅੱਗ ਸਾੜਦੀ ਹੈ ਤਾਂ ਅੱਗ ਤੋਂ ਦੂਰ ਰਹੋ। ਉਹ ਇਤਨਾ ਸੁਚੇਤ ਹੋ ਗਿਆ ਕਿ ਜੰਗਲ ਵਿਚ ਜਾ ਕੇ ਰਹਿਣ ਲੱਗਾ। ਇਸਤਰੀ ਮੱਥੇ ਹੀ ਨਹੀਂ ਲੱਗੇਗੀ ਤਾਂ ਮਨ ਭਟਕੇਗਾ ਕਿਵੇਂ? ਵਰ੍ਹੇ ਬੀਤ ਗਏ। ਇਕ ਦਿਨ ਮਹਾਤਮਾ ਉਸਨੂੰ ਜੰਗਲ ਵਿਚ ਮਿਲਣ ਗਿਆ। ਚੇਲੇ ਅਰਜ਼ ਕੀਤੀ, "ਗੁਰੂ ਜੀ ਲਗਦੈ, ਮੇਰੀ ਤਪਸਿਆ ਪੂਰਨ ਹੋਈ ਹੁਣ ਆਗਿਆ ਦਿਉ।"

"ਠੀਕ ਹੈ!" ਮਹਾਤਮਾ ਕਿਹਾ "ਚਲੋ ਆਸ਼ਰਮ ਵਿਚ ਚੱਲਦੇ ਹਾਂ।"

ਦੋਵੇਂ ਤੁਰੇ ਆ ਰਹੇ ਸਨ ਅਤੇ ਮਹਾਤਮਾ ਬਿਰਧ ਹੋਣ ਕਾਰਨ ਕੁਝ ਪਿੱਛੇ ਸੀ। ਅੱਗੇ ਆਏ ਤਾਂ ਨਦੀ ਆ ਗਈ। ਕਿਨਾਰੇ 'ਤੇ ਇਕ ਜਵਾਨ ਔਰਤ ਖੜ੍ਹੀ ਸੀ। ਉਸ ਚੇਲੇ ਨੂੰ ਕਿਹਾ, "ਮਹਾਤਮਾ ਜੀ! ਸਵੇਰੇ ਜਦੋਂ ਮੈਂ ਆਈ ਸਾਂ ਤਾਂ ਨਦੀ ਇਤਨੀ ਚੜ੍ਹੀ ਹੋਈ ਨਹੀਂ ਸੀ। ਹੁਣ ਨਦੀ ਦਾ ਪਾਣੀ ਅਤੇ ਮੇਰੀਆਂ ਛਾਤੀਆਂ ਵਿਚ ਦੁੱਧ ਚੜ੍ਹ ਆਇਆ ਹੈ। ਘਰ ਵਿਚ ਮੇਰਾ ਬੱਚਾ ਭੁੱਖਾ ਹੈ। ਕਿਰਪਾ ਕਰੋ ਤੇ ਮੈਨੂੰ ਨਦੀ ਪਾਰ ਕਰਵਾ ਦਿਉ।"

ਚੇਲੇ ਨੇ ਮੂੰਹ ਛੁਪਾ ਲਿਆ ਅਤੇ ਟੱਪ ਕੇ ਦੂਰ ਜਾ ਖੜ੍ਹਾ ਹੋਇਆ। ਖ਼ਬਰਦਾਰ ਜੇ ਮੇਰੇ ਨੇੜੇ ਆਈ... ਤੂੰ ਤਾਂ ਮੇਰਾ ਜਨਮ ਹੀ ਭ੍ਰਿਸ਼ਟ ਕਰ ਦਿੱਤਾ ਸੀ। ਚੇਲੇ ਕਾਹਲੀ ਨਾਲ ਨਦੀ 'ਚ ਛਾਲ ਮਾਰ ਦਿੱਤੀ। ਮਨ ਹੀ ਮਨ ਸ਼ੁਕਰ ਕੀਤਾ ਕਿ ਉਹ ਇਹੋ ਜਹੀ ਕਾਮੁਕ ਇਸਤਰੀ ਤੋਂ ਵਾਲ-ਵਾਲ ਬਚ ਗਿਆ। ਕੰਢੇ 'ਤੇ ਜਾ ਕੇ ਉਸਨੇ ਪਿੱਛੇ ਦੇਖਿਆ। ਇਕ ਪਲ ਤਾਂ ਅੱਖਾਂ ਨੂੰ ਯਕੀਨ ਹੀ ਨਾ ਆਇਆ ਕਿਉਂਕਿ ਗੁਰੂ ਉਸ ਔਰਤ ਨੂੰ ਪਿੱਠ 'ਤੇ ਚੁੱਕੀ ਨਦੀ ਪਾਰ ਕਰਵਾ ਰਿਹਾ ਸੀ। ਚੇਲੇ ਦਾ ਦਿਲ ਬੁਝ ਗਿਆ ਅਤੇ ਪਛਤਾਵਾ ਹੋਇਆ ਕਿ ਉਸਨੇ ਐਹੋ ਜਿਹੇ ਦੰਭੀ ਗੁਰੂ ਤੋਂ ਦੀਖਿਆ ਕਿਉਂ ਲਈ।

ਉਸ ਔਰਤ ਨੇ ਮਹਾਤਮਾ ਨੂੰ ਵੀ ਆਪਣੀ ਮੁਸ਼ਕਿਲ ਦੱਸੀ ਸੀ ਅਤੇ ਮਹਾਤਮਾ ਨੇ ਕੋਈ ਉਜ਼ਰ ਨਹੀਂ ਸੀ ਕੀਤਾ।

ਨਾ ਚਾਹੁਣ ਦੇ ਬਾਵਜੂਦ ਚੇਲੇ ਨੇ ਕਿਨਾਰੇ 'ਤੇ ਜੋਬਨ ਨਾਲ ਮੱਤੀ ਅਤੇ ਪਾਣੀ ਨਾਲ ਭਿੱਜੀ ਉਸ ਔਰਤ ਨੂੰ ਦੇਖਿਆ ਅਤੇ ਮਹਿਸੂਸ ਕੀਤਾ ਕਿ ਗੁਰੂ ਨੇ ਇਸਦੇ ਕਾਮੁਕ ਪਿੰਡੇ ਨੂੰ ਦੇਹ ਨਾਲ਼ ਲਾ ਕੇ ਕੀ ਮਹਿਸੂਸ ਕੀਤਾ ਹੋਏਗਾ?...

ਚੇਲਾ ਅਤੇ ਗੁਰੂ ਅਗਲੇ ਸਫ਼ਰ 'ਤੇ ਤੁਰ ਤਾਂ ਪਏ, ਪਰ ਚੇਲੇ ਲਈ ਇੱਕ-ਇੱਕ ਕਦਮ ਤੁਰਨਾ ਮੁਸ਼ਕਿਲ ਹੋ ਗਿਆ। ਮਹਾਤਮਾ ਨੇ ਚੇਲੇ ਨੂੰ ਕੁਝ ਉਚਾਟ ਦੇਖ ਕੇ ਪੁੱਛਿਆ, " ਤੈਨੂੰ ਕੀ ਹੋਇਆ?"

ਚੇਲੇ ਨੇ ਬਗਲੀ ਮਹਾਤਮਾ ਦੇ ਪੈਰਾਂ ਵਿਚ ਵਗਾਹ ਮਾਰੀ ਅਤੇ ਕਿਹਾ, " ਮੈਂ ਉਸ ਔਰਤ ਬਾਰੇ ਸੋਚ ਰਿਹਾ ਹਾਂ ਕਿ ਇਹੋ ਹੀ ਹੈ ਤੁਹਾਡੀ ਕਾਮ 'ਤੇ ਕਾਬੂ ਪਾਉਣ ਦੀ ਸਾਧਨਾ?"

ਮਹਾਤਮਾ ਉੱਥੇ ਹੀ ਸਿਰ ਫੜ੍ਹ ਕੇ ਬੈਠ ਗਿਆ ਅਤੇ ਕਿਹਾ, ਮੇਰੀ ਤਾਂ ਸਾਰੀ ਸਿੱਖਿਆ ਹੀ ਬੇਕਾਰ ਗਈ, "ਮੂਰਖ਼! ਮੈਂ ਤਾਂ ਉਸ ਔਰਤ ਨੂੰ ਕਿਨਾਰੇ 'ਤੇ ਹੀ ਛੱਡ ਆਇਆ ਸੀ ਤੇ ਤੂੰ ਹੁਣ ਤੱਕ ਉਸਨੂੰ ਮੋਢਿਆਂ ਤੇ ਚੁੱਕੀ ਆ ਰਿਹਾ ਹੈਂ..."

## ਬੱਚਿਆਂ ਦਾ ਪੰਨਾ

# ਗੁਰੂ ਕਾ ਲੰਗਰ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਸੰਗਤਾਂ ਲਈ ਲੰਗਰ ਦੀ ਬਹੁਤ ਸੇਵਾ ਕਰਿਆ ਕਰਦੇ ਸਨ। ਜਿਸ ਦਾ ਜ਼ਿਕਰ ਆਦਿ ਗ੍ਰੰਥ ਸਾਹਿਬ ਜੀ ਵਿੱਚ ਵੀ ਹੈ ....

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥

ਗੁਰੂ ਨਾਨਕ ਦੇਵ ਜੀ ਤੋਂ ਹੀ ਲੰਗਰ ਅਟੁੱਟ ਚੱਲਦਾ ਆ ਰਿਹਾ ਸੀ। ਜੋ ਕਿ ਗੁਰੂ ਅੰਗਦ ਦੇਵ ਜੀ ਦੇ ਸਮੇਂ ਵੀ ਚੱਲਿਆ ਤੇ ਉਹਨਾਂ ਕਦਮਾਂ 'ਤੇ ਚੱਲਦਿਆਂ ਗੁਰੂ ਅਮਰਦਾਸ ਜੀ ਨੇ ਵੀ ਗੋਇੰਦਵਾਲ ਵਿਖੇ ਖ਼ੂਬ ਲੰਗਰ ਚਲਾਇਆ ਤੇ ਇਸ ਵਿਚ ਬਹੁਤ ਵਾਧਾ ਤੇ ਸੁਧਾਰ ਵੀ ਕੀਤਾ। ਲੰਗਰ ਵਿੱਚ ਹਰੇਕ ਅਮੀਰ-ਗ਼ਰੀਬ ਬਿਨਾਂ ਕਿਸੇ ਜਾਤ-ਪਾਤ ਦੇ ਭੇਦ-ਭਾਵ ਤੋਂ ਲੰਗਰ ਛਕਦਾ ਸੀ। ਇਥੋਂ ਤੱਕ ਕਿ ਗੁਰੂ ਜੀ ਨੇ ਊਚ-ਨੀਚ ਨੂੰ ਮੁੱਢੋਂ ਹੀ ਖ਼ਤਮ ਕਰਨ ਲਈ ਇਹ ਪੱਕਾ ਨਿਯਮ ਬਣਾ ਦਿੱਤਾ ਕਿ ਉਹਨਾਂ ਦੇ ਦਰਸ਼ਨ ਉਹੀ ਕਰ ਸਕਦਾ ਹੈ, ਜਿਹੜਾ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕ ਕੇ ਆਏਗਾ। ਇਸ ਤਰ੍ਹਾਂ ਗੁਰੂ ਜੀ ਦੇ ਹੁਕਮ ਅਨੁਸਾਰ ਲੰਗਰ ਵਿਚ ਉੱਚੇ ਤੋਂ ਉੱਚੇ ਤੇ ਨੀਵੇਂ ਤੋਂ ਨੀਵੇਂ ਲੋਕ ਇਕੱਠੇ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਦੇ ਸਨ।

ਗੁਰੂ ਅਮਰਦਾਸ ਜੀ ਦੇ ਸਮੇਂ ਦਿੱਲੀ ਦਾ ਬਾਦਸ਼ਾਹ ਅਕਬਰ ਸੀ। ਉਹ ਪੰਜਾਬ ਵਿੱਚ ਆਇਆ ਹੋਇਆ ਸੀ। ਉਸ ਦੇ ਦਾਦਾ ਬਾਬਰ ਨੇ ਗੁਰੂ ਨਾਨਕ ਦੇਵ ਜੀ ਤੋਂ ਅਤੇ ਪਿਤਾ ਹਮਾਯੂੰ ਨੇ ਗੁਰੂ ਅੰਗਦ ਦੇਵ ਜੀ ਤੋਂ ਸਿੱਖਿਆ ਤੇ ਅਸੀਸਾਂ ਲਈਆਂ ਸਨ। ਗੁਰੂ-ਘਰ ਦੀ ਵਡਿਆਈ ਦੂਰ-ਦੂਰ ਤੱਕ ਫੈਲੀ ਹੋਣ ਕਰਕੇ, ਅਕਬਰ ਗੁਰੂ-ਘਰ ਤੋਂ ਕਾਫ਼ੀ ਪ੍ਰਭਾਵਿਤ ਸੀ। ਉਹ ਗੁਰੂ ਦਰਸ਼ਨਾਂ ਲਈ ਗੋਇੰਦਵਾਲ ਆਇਆ।

ਜਦੋਂ ਉਸ ਨੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਆਪਣੀ ਇੱਛਾ ਸਿੱਖਾਂ ਨੂੰ ਦੱਸੀ ਤਾਂ ਸਿੱਖਾਂ ਨੇ ਉਸ ਨੂੰ ਕਿਹਾ, "ਗੁਰ ਮਰਯਾਦਾ ਅਨੁਸਾਰ ਉਸ ਨੂੰ ਪਹਿਲਾਂ ਸਭ ਨਾਲ ਪੰਗਤ ਵਿੱਚ ਬੈਠ ਕੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਣਾ ਪਵੇਗਾ। ਇਸ ਤੋਂ ਬਾਅਦ ਹੀ ਉਹ ਗੁਰੂ ਜੀ ਦੇ ਦਰਸ਼ਨ ਕਰ ਸਕਦਾ ਹੈ।"

ਅਕਬਰ ਨੇ ਗੁਰ-ਮਰਯਾਦਾ ਨੂੰ ਮੰਨਦਿਆਂ ਹੋਇਆਂ ਸਭ ਸੰਗਤਾਂ ਨਾਲ ਬੈਠ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਤੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ। ਇਸ ਤਰ੍ਹਾਂ ਬਰਾਬਰਤਾ ਦੇ ਭਾਵ ਨਾਲ ਅਤੇ ਮਰਯਾਦਾ ਪੂਰਵਕ ਲੰਗਰ ਚੱਲਦਾ ਦੇਖ ਕੇ ਅਕਬਰ ਬੜਾ ਖੁਸ਼ ਹੋਇਆ। ਉਹ ਗੁਰੂ ਜੀ ਨੂੰ ਆਖਣ ਲੱਗਾ, "ਗੁਰੂ ਜੀ! ਇਸ ਲੰਗਰ ਵਿਚੋਂ ਹਰੇਕ ਲੋੜਵੰਦ ਨੂੰ ਭੋਜਨ ਮਿਲਦਾ ਹੈ। ਇਹ ਬੁਹਤ ਮਹਾਨ ਪਰਉਪਕਾਰ ਹੈ। ਮੈਂ ਵੀ ਇਸ ਮਹਾਨ ਕਾਰਜ ਵਿਚ ਹਿੱਸਾ ਪਾਉਂਦਾ ਹੋਇਆ ਲੰਗਰ ਲਈ ਜਗੀਰ ਦੇਣਾ ਚਾਹੁੰਦਾ ਹਾਂ, ਆਪ ਜੀ ਇਸ ਨੂੰ ਪ੍ਰਵਾਨ ਕਰੋ।"

ਗੁਰੂ ਜੀ ਨੇ ਬਚਨ ਕੀਤਾ, "ਤਹਾਡੀ ਭਾਵਨਾ ਠੀਕ ਹੈ, ਪਰ ਇਹ ਗੁਰੂ ਕਾ ਲੰਗਰ ਸਿੱਖਾਂ ਦੀ ਨੇਕ ਕਮਾਈ (ਦਸਵੰਧ) ਨਾਲ ਚੱਲਦਾ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਇਸ ਤਰ੍ਹਾਂ ਹੀ ਚੱਲਦਾ ਰਹੇ, ਕਿਉਂਕਿ ਨਾਮ ਜਪਦੇ ਹੋਏ ਧਰਮ ਦੀ ਕਿਰਤ ਕਰਨੀ ਤੇ ਉਸ ਵਿੱਚੋਂ ਵੰਡ ਕੇ ਛਕਣਾ ਹੀ ਸਿੱਖੀ ਦਾ ਮਹਾਨ ਸਿਧਾਂਤ ਹੈ।

-----------

# ਖ਼ਬਰਨਾਮਾ

## ਸੰਤ ਮਨਮੋਹਨ ਸਿੰਘ ਸੋਖੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੇ ਅਨਿੰਨ ਸਿੱਖ ਸਰਦਾਰ ਮਨਮੋਹਨ ਸਿੰਘ ਜੀ ਸੋਖੀ ਦਿੱਲੀ ਵਾਲੇ ਜੁਲਾਈ 2020 ਈ. ਨੂੰ ਕੋਰੋਨਾ ਮਹਾਂਮਾਰੀ ਕਾਰਨ ਗੁਰ ਪੁਰੀ ਪਿਆਨਾ ਕਰ ਗਏ।

ਸਰਦਾਰ ਜੀ ਤਨ-ਮਨ-ਧਨ ਕਰਕੇ ਸਤਿਗੁਰੂ ਜੀ ਨੂੰ ਪੂਰਨ ਰੂਪ ਵਿੱਚ ਸਮਰਪਿਤ ਸਨ। ਆਪ ਜੀ ਦਾ ਪਰਿਵਾਰ ਟਕਸਾਲੀ ਗੁਰਸਿੱਖਾਂ ਦਾ ਪਰਿਵਾਰ ਹੈ। ਆਪ ਦੇ ਵਡੇਰਿਆਂ ਦਾ ਜੱਦੀ ਪਿੰਡ ਸ੍ਰੀ ਭੈਣੀ ਸਾਹਿਬ ਤੋਂ ਥੋੜ੍ਹੀ ਦੂਰ ਸਮਰਾਲੇ ਦੇ ਕੋਲ ਉਟਾਲਾਂ ਹੈ। ਇਨ੍ਹਾਂ ਦੇ ਪੁਰਖਿਆਂ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਦਰਬਾਰ ਵਿੱਚ ਕੀਰਤਨ ਅਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਸਮਾਂ ਪਾ ਕੇ ਇਸੇ ਪਰਿਵਾਰ ਦੇ ਬਾਬਾ ਹਜ਼ੂਰਾ ਸਿੰਘ ਜੀ ਦੀ ਮਾਤਾ ਖੀਵੀ ਤੋਂ ਪੈਦਾ ਹੋਈ ਸਪੁੱਤਰੀ ਸਦਾ ਕੌਰ ਨਾਲ ਬਾਬਾ ਜੱਸਾ ਸਿੰਘ ਜੀ ਦੀ ਸ਼ਾਦੀ ਹੋਈ। ਇਸੇ ਸਦਾ ਕੌਰ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਖਾਲਸੇ ਦੀ ਪੁਨਰ ਸਾਜਨਾ ਕੀਤੀ ਤਾਂ ਇਹ ਪਰਿਵਾਰ ਨਾਮਧਾਰੀ ਸੰਤ ਖ਼ਾਲਸੇ ਵਿੱਚ ਸ਼ਾਮਿਲ ਹੋ ਗਿਆ। ਸਰਦਾਰ ਮਨਮੋਹਨ ਸਿੰਘ ਜੀ ਦੇ ਪੜਦਾਦੇ ਸੰਤ ਈਸ਼ਰ ਸਿੰਘ ਜੀ ਤੋਂ ਲੈ ਕੇ ਅੱਜ ਤੱਕ ਇਸ ਖਾਨਦਾਨ ਦੀ ਗੁਰੂ ਘਰ ਨਾਲ ਰੂਹਾਨੀ ਸਾਂਝ ਇੱਕ ਰਸ ਚੱਲਦੀ ਆ ਰਹੀ ਹੈ। ਇਨ੍ਹਾਂ ਦੇ ਪਿਤਾ ਸੰਤ ਬਲਵੰਤ ਸਿੰਘ ਜੀ (ਸੋਧੀ) ਤੇ ਤਾਇਆ ਸਰਦਾਰ ਕਰਤਾਰ ਸਿੰਘ ਸੋਖੀ (ਸਾਬਕਾ ਮੈਂਬਰ ਦਿੱਲੀ ਅਸੈਂਬਲੀ) ਨਾਮਧਾਰੀ ਪੰਥ ਦੀਆਂ ਸਤਿਕਾਰ ਯੋਗ ਸ਼ਖ਼ਸੀਅਤਾਂ ਵਿੱਚੋਂ ਸਨ। ਮਨਮੋਹਨ ਸਿੰਘ ਜੀ ਦਾ ਜਨਮ ਸ੍ਰੀ ਸਤਿਗੁਰੂ ਜੀ ਦੇ ਵਰ ਨਾਲ ਹੋਇਆ ਸੀ। ਸੰਤ ਬਲਵੰਤ ਸਿੰਘ ਜੀ ਦੇ ਘਰ ਔਲਾਦ ਦੀ ਕਿਰਪਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ ਸੀ।

ਸੰਤ ਬਲਵੰਤ ਸਿੰਘ ਜੀ ਦੇ ਗੁਰੂ ਚਰਨਾਂ ਨਾਲ ਗੂੜ੍ਹੇ ਸਨੇਹ ਨੂੰ ਪ੍ਰਗਟ ਕਰਦਾ ਇੱਕ ਬਚਨ ਸਾਂਝਾ ਕਰਦਾ ਹਾਂ:

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1966 ਈ. ਦਾ ਹੋਲਾ-ਮਹੱਲਾ ਦਿੱਲੀ ਦੀ ਸਾਧ ਸੰਗਤ ਨੂੰ ਬਖ਼ਸ਼ ਕੇ ਨਿਵਾਜਿਆ। ਸੰਗਤ ਵਿੱਚ ਹੋਲੇ ਦਾ ਬਹੁਤ ਉਤਸ਼ਾਹ ਸੀ। ਸਟੇਜ ਅਤੇ ਪੰਡਾਲ ਨੂੰ ਰੀਝ ਨਾਲ ਸ਼ਿੰਗਾਰਿਆ ਸਵਾਰਿਆ ਗਿਆ ਸੀ। ਬਿਜਲੀ ਲੜੀਆਂ ਨਾਲ ਸੱਜਿਆ ਸ਼ਾਨਦਾਰ ਗੇਟ ਸਤਿਗੁਰੂ ਜੀ ਨੂੰ 'ਜੀ ਆਇਆਂ' ਕਹਿਣ ਲਈ ਉਤਾਵਲਾ ਸੀ।

ਜਦੋਂ ਸਤਿਗੁਰੂ ਜੀ ਦੀਵਾਨ ਅਸਥਾਨ ਵੱਲ ਆਏ ਤਾਂ ਸਾਹਮਣੇ ਲੱਗਿਆ ਝਿਲ-ਮਿਲ ਝਿਲ-ਮਿਲ



ਕਰਦਾ ਗੇਟ ਵੇਖ ਕੇ ਬਚਨ ਕੀਤਾ, "ਇਹ ਮੇਰੇ ਲੰਘਣ ਵਾਲਾ ਗੇਟ ਨਹੀਂ। ਮੈਨੂੰ ਏਨੀ ਫ਼ਜ਼ੂਲ ਖ਼ਰਚੀ ਤੇ ਵਿਖਾਵਾ ਚੰਗੇ ਨਹੀਂ ਲੱਗਦੇ।" ਪਾਤਸ਼ਾਹ ਜੀ ਇਹ ਵੀ ਬਚਨ ਕੀਤਾ ਕਿ ਉਹ ਹੋਲੇ ਦੇ ਸਮਾਗਮ ਵਿੱਚ ਨਹੀਂ ਜਾਣਗੇ। ਸੰਗਤ ਦਾ ਉਤਸ਼ਾਹ ਇਹ ਸੁਣਦਿਆਂ ਹੀ ਨਿਰਾਸ਼ਤਾ ਵਿੱਚ ਬਦਲ ਗਿਆ। ਸੰਤ ਬਲਵੰਤ ਸਿੰਘ ਜੀ ਉਦੋਂ 350/- ਮਹੀਨੇ ਤੇ ਨੌਕਰੀ ਕਰਦੇ ਸਨ ਅਤੇ ਉਨ੍ਹਾਂ ਦੇ ਇੱਕ ਮਹੀਨੇ ਦੀ ਤਨਖ਼ਾਹ ਹੋਲੇ ਦੀ ਉਗਰਾਹੀ ਵਿੱਚ ਪਾਈ ਸੀ। ਸੋਖੀ ਜੀ ਨੇ ਸੋਚਿਆ ਕਿ ਉਸ ਦੇ ਕੀਤੇ ਯਤਨ ਦਾ ਕੀ ਫਾਇਦਾ ਹੈ ਜਿਸ ਨਾਲ ਸਤਿਗੁਰੂ ਜੀ ਨਾਰਾਜ਼ ਹੋ ਜਾਣ। ਅੱਗੇ ਵੱਧ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ਼ ਬੇਨਤੀ ਕਰ ਦਿੱਤੀ, 'ਪਾਤਸ਼ਾਹ! ਜੇ ਆਪ ਨੂੰ ਇਹ ਸਭ ਕੁਝ ਚੰਗਾ ਨਹੀਂ ਲੱਗਦਾ ਤਾਂ ਅਸਾਂ ਕੀ ਕਰਨਾ ਹੈ? ਮੈਂ ਹੁਣੇ ਹੀ ਆਰੀ ਲੈ ਕੇ ਦਰਵਾਜ਼ਾ ਵੱਢ ਘੱਤਦਾ ਹਾਂ।' ਏਨੀ ਅਰਜ਼ ਕਰਕੇ ਆਰੀ ਲੈ ਕੇ ਗੇਟ ਦੇ ਦੋਵੇਂ ਥਮਲੇ ਵੱਢ ਦਿੱਤੇ। ਸਤਿਗੁਰੂ ਜੀ ਦੀਵਾਨ ਵਿੱਚ ਜਾਂ ਸੁਭਾਇਮਾਨ ਹੋਏ। ਭਾਵੇਂ ਸੱਚੇ ਪਾਤਸ਼ਾਹ ਮੇਲੇ ਦੌਰਾਨ ਦੀਵਾਨ ਵਿੱਚ ਦਰਸ਼ਨ ਦੇ ਕੇ ਆਪਣੇ ਸਿੱਖਾਂ ਪਿਆਰਿਆਂ ਨੂੰ ਨਿਵਾਜਦੇ ਰਹੇ, ਪਰ ਸ਼ਰਧਾਵਾਨਾਂ ਦੇ ਹਿਰਦੇ ਵਿੱਚ ਉਨ੍ਹਾਂ ਚਿਰ ਚੈਨ ਕਿੱਥੇ? ਜਦ ਤੱਕ ਭੁੱਲ ਦੀ ਖ਼ਿਮਾ ਮੰਗ ਕੇ ਬਖ਼ਸ਼ ਬੰਦੀ ਨਾ ਕਰਵਾ ਲੈਣ।

ਸੋਖੀ ਜੀ ਦੇ ਮਨ ਵਿੱਚ ਵੀ ਇਹੋ ਕਲਪਨਾ ਵਾਰ ਵਾਰ ਉੱਠ ਰਹੀ ਸੀ, ਸੋਚਾਂ ਵਿੱਚ ਮੇਲੇ ਦੇ ਪਹਿਲੇ ਦਿਨ ਗੁਜ਼ਰ ਗਏ ਅਤੇ ਭੋਗ ਦਾ ਦਿਨ ਆ ਗਿਆ। ਅਨੰਦ ਕਾਰਜ ਕਰਨ ਵਾਸਤੇ ਹਵਨ ਹੋਣ ਲੱਗਿਆ। ਸੋਧੀ ਜੀ ਵੀ ਹਵਨ ਵਾਲੇ ਜਥੇ ਵਿੱਚ ਸ਼ਾਮਿਲ ਸਨ, ਪਰ ਉੱਥੇ ਬੈਠੇ ਵੀ ਉਪਰੋਕਤ ਚਿੰਤਾ ਮਨ ਨੂੰ ਪ੍ਰੇਸ਼ਾਨ ਕਰ ਰਹੀ ਸੀ ਅਤੇ ਸੋਚ ਰਹੇ ਸਨ ਕਿ ਕਾਹਦਾ ਹੋਲਾ, ਜੇ ਸਤਿਗੁਰੂ ਜੀ ਹੀ ਨਾਰਾਜ਼ ਰਹਿਣ। ਕਲਪਨਾ ਵੱਧਦੀ ਹੀ ਜਾ ਰਹੀ ਸੀ ਤਦ ਨੂੰ ਸੋਧੀ ਜੀ ਦਾ ਧਿਆਨ ਜਿਉਂ ਹੀ ਸਤਿਗੁਰੂ ਜੀ ਵੱਲ ਗਿਆ ਤਾਂ ਅੰਤਰਯਾਮੀ ਸਤਿਗੁਰੂ ਜੀ ਨੇ ਪਵਿੱਤਰ ਹਸਤ-ਕਮਲ ਨਾਲ ਇਸ਼ਾਰਾ ਕੀਤਾ। ਭਾਵੇਂ ਸੋਧੀ ਵੀ ਕਾਫ਼ੀ ਦੂਰ ਬੈਠੇ ਸਨ ਪਰ ਇਸ਼ਾਰਾ ਹੁੰਦਿਆਂ ਹੀ 'ਮੀਰਾ ਦੀਵਾਨੀ' ਹੋ ਗਈ। ਤਨ ਦੀ ਸੁੱਧ ਬੁੱਧ ਭੁੱਲ ਗਈ। ਇਹ ਵੀ ਚੇਤਾ ਭੁੱਲ ਗਿਆ ਕਿ ਉਹ ਹਵਨ ਦੀ ਮਰਿਆਦਾ ਪੂਰੀ ਕਰ ਰਹੇ ਸਨ। ਤਤ ਛਿਨ ਸ੍ਰੀ ਚਰਨਾਂ ਵੱਲ ਦੌੜ ਪਏ। ਕੋਲ ਹੋਣ ਵਾਸਤੇ ਜਦ ਪੈਰ ਝਾੜੇ ਤਾਂ ਸਤਿਗੁਰੂ ਜੀ ਬਚਨ ਕੀਤਾ, "ਸਿੰਘਾਂ, ਇਹ ਚਰਨ ਧੂੜ ਮੈਨੂੰ ਹੀ ਦੇਦੋ। ਤੇਰੇ ਵਰਗੇ ਸਿੰਘਾਂ ਦੀ ਘਾਲਣਾ ਨਾਲ ਦੀ ਇਹ ਹੋਲਾ ਹੋ ਰਿਹਾ ਹੈ।" ਗੁਰਸਿੱਖਾਂ ਦਾ ਰੋਮ ਰੋਮ ਖਿੱਲ ਉੱਠਿਆ।

ਜਿੱਥੇ ਸਰਦਾਰ ਮਨਮੋਹਨ ਸਿੰਘ ਜੀ ਨੂੰ ਐਸੇ ਪਿਤਾ ਦਾ ਪੁਤਰ ਹੋਣ ਦਾ ਮਾਣ ਪ੍ਰਾਪਤ ਹੋਇਆ। ਉਥੇ ਆਪ ਜੀ ਦਾ ਸੰਸਾਰਿਕ ਨਾਤਾ ਵੀ ਇੱਕ ਉਚ-ਦੁਮਾਲੜੇ



ਗੁਰਮੁਖ ਸੰਤ ਬਲਵੰਤ ਸਿੰਘ ਜੀ ਬਾਲੀ ਨਗਰ ਨਾਲ ਜੁੜ ਗਿਆ। ਆਪ ਜੀ ਦਾ ਅਨੰਦ ਕਾਰਜ ਸੰਤ ਬਲਵੰਤ ਸਿੰਘ ਜੀ ਦੀ ਸਪੁੱਤਰੀ ਅਤੇ ਸੂਬਾ ਸੁਖਦੇਵ ਸਿੰਘ ਜੀ ਦੀ ਭੈਣ ਬਲਵਿੰਦਰ ਕੌਰ ਨਾਲ ਹੋਇਆ। ਸੰਤਾਨ ਵਜੋਂ ਆਪ ਜੀ ਦੇ ਘਰ ਤਿੰਨ ਧੀਆਂ ਨੇ ਜਨਮ ਲਿਆ ਜੋ ਆਪਣੇ-ਆਪਣੇ ਘਰਾਂ ਵਿੱਚ ਸੁੱਖ ਨਾਲ ਵੱਸ ਰਹੀਆਂ ਹਨ। ਮਾਨ ਕੌਰ ਅਤੇ ਮਹਿੰਦਰ ਕੌਰ ਦਿੱਲੀ ਵਿਖੇ ਅਤੇ ਹਰਪ੍ਰੀਤ ਕੌਰ ਮੰਡੀ ਹਿਮਾਚਲ ਪ੍ਰਦੇਸ਼ ਵਿਖੇ ਵਿਆਹੀ ਹੋਈ ਹੈ।

ਜਿੱਥੇ ਸਰਦਾਰ ਜੀ ਦਾ ਅੰਤਿਮ ਸੰਸਕਾਰ ਹਜ਼ੂਰ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਹੋਇਆ ਉੱਥੇ ਭੋਗ ਵੀ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਜ਼ੂਰੀ ਵਿੱਚ ਪਿਆ। ਸੰਤ ਨਿਸ਼ਾਨ ਸਿੰਘ ਕਥਾ ਵਾਚਕ ਨੇ ਸ਼ਰਧਾਂਜਲੀ ਦੇ ਚੰਦ ਸ਼ਬਦ ਕਹੇ, ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ।

-ਸੰਤ ਨਿਸ਼ਾਨ ਸਿੰਘ

# ਫੁੱਟਬਾਲ ਲੀਗ

ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਸ੍ਰੀ ਭੈਣੀ ਸਾਹਿਬ ਵਿਖੇ 6 ਜੁਲਾਈ ਤੋਂ 15 ਜੁਲਾਈ ਤੱਕ ਫੁੱਟਬਾਲ ਦੀ ਲੀਗ ਕਰਵਾਈ ਗਈ। ਇਸ ਲੀਗ ਵਿੱਚ ਸ੍ਰੀ ਭੈਣੀ ਸਾਹਿਬ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਤਿਆਰ ਹੋ ਰਹੀ ਫੁੱਟਬਾਲ ਦੀ ਟੀਮ ਦੇ ਖਿਡਾਰੀਆਂ ਨੇ ਹਿੱਸਾ ਲਿਆ। ਕੁਲ ਛੇ ਟੀਮਾਂ ਬਣਾਈਆਂ ਗਈਆਂ। ਹਰੇਕ ਟੀਮ ਵਿੱਚ 11-11 ਖਿਡਾਰੀ ਸਨ। ਜਿਹਦੇ ਵਿਚੋਂ 7 ਖਿਡਾਰੀ ਖੇਡਦੇ ਸਨ ਤੇ 4 ਖਿਡਾਰੀ ਚੇਂਜ ਕਰਦੇ ਸਨ। ਹਰ ਟੀਮ ਵਿੱਚ ਛੇ ਬੱਚਿਆਂ ਤੋਂ ਇਲਾਵਾ ਸੱਤਵਾਂ ਕੋਈ ਇੱਕ ਸੀਨੀਅਰ ਖਿਡਾਰੀ ਖੇਡਦਾ ਸੀ। ਇਹ ਲੀਗ ਫੁੱਟਬਾਲ ਅਕੈਡਮੀ ਦੇ ਬੱਚਿਆਂ ਦੇ ਇਮਤਿਹਾਨ ਵੱਜੋਂ ਕਰਵਾਈ ਗਈ। ਟੀਮਾਂ ਦੇ ਆਪਸ ਵਿਚ ਕੁੱਲ 37 ਮੈਚ ਹੋਏ। ਜਿਨ੍ਹਾਂ ਵਿੱਚੋਂ 30 ਮੈਚ ਲੀਗ ਦੇ ਸਨ ਤੇ 7 ਮੈਚ ਕੁਆਰਟਰ ਫਾਈਨਲ, ਸੈਮੀ ਫਾਈਨਲ ਤੇ ਫਾਈਨਲ ਆਦਿ ਸਨ। ਹਰ ਰੋਜ਼ 6 ਮੈਚ ਖੇਡੇ ਜਾਂਦੇ, ਜਿਨ੍ਹਾਂ ਵਿਚੋਂ 3 ਸਵੇਰੇ 5 ਤੋਂ 8 ਵਜੇ ਤੱਕ ਤੇ 3 ਮੈਚ ਸ਼ਾਮ ਨੂੰ 4:30 ਤੋਂ 7:30 ਵਜੇ ਤੱਕ ਖੇਡੇ ਜਾਂਦੇ। ਸਾਰੀਆਂ ਟੀਮਾਂ ਦੇ ਅਲੱਗ-ਅਲੱਗ ਸਪੋਂਸਰ ਸਨ। ਟੀਮਾਂ ਤੇ ਸਪੋਂਸਰਾਂ ਦੇ ਨਾਮ ਇੰਜ ਹਨ:-

| Team's | Sponsor,s |
|---|---|
| Puma,s Team | Shamsher Sungh, Harpreet Singh |
| Leopard,s Team | Gurpreet Singh, Sohan Singh |
| Jaguar,s Team | Onkar Singh, Nirmal Singh |
| Lion,s Team | Gursev Singh, Gurcharn Singh |
| Panther,s Team | Pardhan Gurdev Singh, Balkar Singh |
| Tiger,s Team | Amolak Singh, Niranjan Singh |

ਹਰ ਰੋਜ ਸਵੇਰੇ-ਸ਼ਾਮੀਂ ਟੀਮਾਂ ਆਪਣੇ-ਆਪਣੇ ਸਪੋਂਸਰਾਂ ਨਾਲ ਗਰਾਊਂਡ ਵਿਚ ਦਾਖਿਲ ਹੁੰਦੀਆਂ। ਚਲਦੇ ਮੈਚਾਂ ਦੌਰਾਨ ਸਪੋਂਸਰ ਬਾਹਰੋਂ ਆਪਣੇ ਖਿਡਾਰੀਆਂ ਨੂੰ ਹੱਲਾ ਸ਼ੇਰੀ ਦੇਂਦੇ। ਇਹਨਾਂ ਸਪੋਂਸਰਾਂ ਦਾ ਕੰਮ ਟੀਮਾਂ ਦੀਆਂ ਸ਼ਰਟਾਂ, ਜੁਰਾਬਾਂ ਆਦਿ ਕਿਟ ਤੋਂ ਲੈਕੇ ਉਹਨਾਂ ਦੀ ਰਿਫਰੈਸ਼ਮੈਂਟ ਆਦਿ ਤੱਕ ਦਾ ਹੁੰਦਾ। ਇਹਨਾਂ ਦਿਨਾਂ ਦੌਰਾਨ ਭੈਣੀ ਸਾਹਿਬ ਦੇ ਅਕੈਡਮੀ ਗਰਾਊਂਡ ਵਿਚ ਮੇਲਾ ਨੁਮਾ ਮਾਹੌਲ ਬਣਿਆ ਰਿਹਾ। ਇਹ ਸਾਰੇ ਮੈਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਏ। ਹਰੇਕ ਮੈਚ ਤੋਂ ਬਾਅਦ ਦੋ ਜਾਂ ਤਿੰਨ ਖਿਡਾਰੀ ਸਰਵੋਤਮ ਘੋਸ਼ਿਤ ਕੀਤੇ ਜਾਂਦੇ ਤੇ ਫਿਰ ਉਹਨਾਂ ਨੂੰ ਸਤਿਗੁਰੂ ਜੀ ਕੋਈ ਨਾ ਕੋਈ ਇਨਾਮ ਬਖਸ਼ਿਸ਼ ਕਰਦੇ। ਫੁੱਟਬਾਲ ਲੀਗ ਦੇ ਆਖਰੀ ਦਿਨ ਦਰਸ਼ਕਾਂ ਦੀ ਕਾਫ਼ੀ ਭੀੜ ਹੋ ਗਈ। ਉਹਨਾਂ ਲਈ ਇਕ ਟੈਂਟ ਵਿੱਚ ਜਲੇਬੀਆਂ ਤੇ ਪਕੌੜਿਆਂ ਦਾ ਖ਼ਾਸ ਪ੍ਰਬੰਧ ਕੀਤਾ ਗਿਆ। ਇਸ ਲੀਗ ਦੀ ਸ਼ਿਖਰ ਤੱਕ ਪਹੁੰਚਾਉਣ ਦਾ ਪ੍ਰਬੰਦ ਸ਼ੇਰ ਸਿੰਘ (ਨਾਮਧਾਰੀ ਸਪੋਰਟਸ ਇੰਚਾਰਜ), ਮਾਰਕੋ ਡਜਰਕੋਵਿਕ (ਸਰਬੀਆ ਤੋਂ ਆਏ ਫੁੱਟਬਾਲ ਕੋਚ), ਅਮਰਿੰਦਰ ਸਿੰਘ, ਇਕਬਾਲ ਸਿੰਘ ਬਾਲੀ, ਅਨਮੋਲਕ ਸਿੰਘ, ਨਿਰੰਜਨ ਸਿੰਘ ਆਦਿ ਨੇ ਕੀਤਾ।

ਫਾਈਨਲ ਮੈਚ ਦੇ ਵਿਸ਼ੇਸ਼ ਪ੍ਰਾਹੁਣੇ:- ਫਾਈਨਲ ਮੈਚ ਵਾਲੇ ਦਿਨ ਵੀ ਸ੍ਰੀ ਸਤਿਹੁਰੂ ਜੀ ਹਰ ਰੋਜ ਦੀ ਤਰ੍ਹਾਂ ਆਸ਼ੀਰਵਾਦ ਦੇਣ ਪਹੁੰਚੇ। ਸ. ਹਰਦੀਪ ਸਿੰਘ ਹਾਕੀ ਉਲੰਪਿਅਨ, ਸ. ਬਲਦੇਵ ਸਿੰਘ ਰਾਸ਼ਟਰੀ ਹਾਕੀ ਕੋਚ (ਦਰੋਨਾਚਾਰੀਆ ਅਵਾਰਡ), ਸ. ਤਰਲੋਚਨ ਸਿੰਘ ਮਠਾੜੂ ( ਟਾੱਪ ਟ੍ਰੈਕ ਸਾਈਕਲਜ਼) ਇਨਾਂ ਵੱਲੋਂ 5 ਸਾਈਕਲ ਸਪੋਂਸਰ ਕੀਤੇ ਗਏ ਬੈਸਟ ਪਲੇਅਰਜ਼ ਨੂੰ ਦੇਣ ਵਾਸਤੇ।

ਪਹਿਲੇ ਸੈਮੀ ਫਾਈਨਲ ਵਿਚ Puma,s Team ਨੇ Lion,s Team ਨੂੰ 1-0 ਨਾਲ ਹਰਾਇਆ। ਜੇਤੂ ਗੋਲ ਤੇਜਾ ਸਿੰਘ ਵੱਲੋਂ ਕੀਤਾ ਗਿਆ।

ਦੂਸਰੇ ਸੈਮੀਫਾਈਨਲ ਵਿਚ Leopard,s Team ਨੇ Jaguar Team ਨੂੰ 2-0 ਨਾਲ ਹਰਾਇਆ। ਜੇਤੂ ਟੀਮ ਵਲੋਂ ਦੋਵੇਂ ਗੋਲ ਕਰਨਦੀਪ ਸਿੰਘ ਨੇ ਕੀਤੇ।

ਫਾਈਨਲ ਮੈਚ Puma,s Team ਤੇ Leopard,s Team ਵਿਚਕਾਰ Flood Lights ਦੀ ਰੌਸ਼ਨੀ ਵਿਚ ਖੇਡਿਆ ਗਿਆ। ਜਿਸ ਵਿਚ Puma Team ਸ਼ਰਨਦੀਪ ਸਿੰਘ ਦੇ ਗੋਲ ਦੀ ਬਦੌਲਤ ਪਹਿਲੇ ਅੱਧ ਤੱਕ ਅੱਗੇ ਚੱਲ ਰਹੀ ਸੀ। ਪਰ ਦੂਜੇ ਅੱਧ ਵਿੱਚ ਵੀਰਪ੍ਰਤਾਪ ਸਿੰਘ ਨੇ ਗੋਲ ਕਰਕੇ ਮੈਚ ਬਰਾਬਰੀ 'ਤੇ ਲੈ ਆਂਦਾ। ਜਿਸਦਾ ਬਾਅਦ ਵਿਚ ਫੈਸਲਾ ਪਲੈਨਟੀ ਸ਼ੂਟਆਊਟ ਤੇ ਹੋਇਆ। ਜਿਸ ਵਿਚ Puma Team 5-4 ਨਾਲ ਜੇਤੂ ਰਹੀ। ਫਾਈਨਲ ਮੈਚ

ਬਹੁਤ ਹੀ ਰੋਮਾਂਚਕ ਤੇ ਸੰਘਰਸ਼ਪੂਰਨ ਹੋਇਆ।

Leopard,s Team ਦੇ ਕਰਨਦੀਪ ਸਿੰਘ ਨੇ ਪੂਰੀ ਲੀਗ ਵਿਚ 16 ਗੋਲ ਕੀਤੇ।

Puma,s Team ਦੇ ਸ਼ਰਨਦੀਪ ਸਿੰਘ ਨੇ ਪੂਰੀ ਲੀਗ ਵਿਚ 14 ਗੋਲ ਕੀਤੇ।

| | |
|---|---|
| 1st Team | Puma,s Team |
| 2nd Team | Leopard,s Team |
| 3rd Team | Jaguar,s Team |

| | | |
|---|---|---|
| Most Improved Players | (ਵਿਸ਼ੇਸ਼ ਇਨਾਮ) | |
| Amandeep Singh | | Puma,s Team |
| Shingara Singh | | Puma,s Team |
| | | |
| Youngest Players Of the League | (ਵਿਸ਼ੇਸ਼ ਇਨਾਮ) | |
| ਸ਼ਿਵ | | Leopard Team |
| | | |
| Emerging Players | (ਵਿਸ਼ੇਸ਼ ਇਨਾਮ) | |
| ਜਾਇਤਾ ਸਿੰਘ | | Lion,s Team) |
| ਮਾਨ ਸਿੰਘ | | Leopard,s Team |
| | | |
| Best Goals | ਵਿਸ਼ੇਸ਼ ਇਨਾਮ | |
| ਨਿਹਾਲ ਸਿੰਘ | | Lion,s Team |
| ਆਤਮਾ ਸਿੰਘ | | Jaguar,s Team |
| | | |
| Best Adult Players | (ਵਿਸ਼ੇਸ਼ ਇਨਾਮ) | |
| ਹਰਪ੍ਰੀਤ ਸਿੰਘ | | Puma,s Team |
| ਬਲਰਾਜ ਸਿੰਘ | | Lropard Team |
| | | |
| ਸਰਵੋਤਮ ਖਿਡਾਰੀ (trophies) | | |
| ਜਗਤ ਸਿੰਘ | | Panther, Team |
| ਵੀਰ ਸਿੰਘ | | Leopard Team |
| ਬਲਕਰਨ ਸਿੰਘ | | Jaguars Team |
| ਬਲਰਾਜ ਸਿੰਘ | | Puma,s Teeam |
| | | |
| ਲੀਗ ਦੇ ਸਰਵੋਤਮ ਖਿਡਾਰੀ | (Best Players) | |
| ਸੰਤਾ ਸਿੰਘ | ਗੋਲ ਕੀਪਰ | Panther,s Team |
| ਗੁਰਬਖਸ਼ ਸਿੰਘ | ਡਿਫੈਂਡਰ | Puma,s Team |
| ਗੁਰਸ਼ਾਮ ਸਿੰਘ | ਡਿਫੈਂਡਰ | Leopard,s Team |
| ਸਹਿਜਵੀਰ ਸਿੰਘ | ਮਿਡਫੀਲਡਰ | Jagua,rs Team |
| ਕਰਨਦੀਪ ਸਿੰਘ | ਫਾਰਵਰਡ | Leopard,s Team |

–ਅਨਮੋਲਕ ਸਿੰਘ (ਹਾਕੀ ਕੋਚ)

# ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

3 ਅਗਸਤ 2020

ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਫੁੱਟਬਾਲ ਦੀ ਟੀਮ ਤਿਆਰ ਕੀਤੀ ਜਾ ਰਹੀ ਹੈ। ਸਤਿਗੁਰੂ ਜੀ ਦਾ ਇਰਾਦਾ ਹੈ ਕਿ ਇਹ ਟੀਮ ਕੇਵਲ ਭਾਰਤ ਵਿੱਚ ਹੀ ਖੇਡਣ ਤੱਕ ਸੀਮਤ ਨਾ ਹੋਵੇ, ਸਗੋਂ ਅੰਤਰਰਾਸ਼ਟਰੀ ਪੱਧਰ ਤੱਕ ਦੇ ਖਿਡਾਰੀ ਪੈਦਾ ਹੋਣ। ਜਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹਾਕੀ ਦੀ ਟੀਮ ਨੇ ਪੂਰੇ ਵਿਸ਼ਵ ਵਿੱਚ ਆਪਣੇ ਵੱਖਰੇ ਸਰੂਪ ਤੇ ਖੇਡ ਸਦਕਾ ਪਛਾਣ ਬਣਾਈ, ਉਸੇ ਤਰ੍ਹਾਂ ਹੁਣ ਫੁੱਟਬਾਲ ਦੀ ਟੀਮ ਨੂੰ ਲੈ ਕੇ ਤਿਆਰੀ ਕੀਤੀ ਜਾ ਰਹੀ ਹੈ। ਸ੍ਰੀ ਭੈਣੀ ਸਾਹਿਬ ਵਿਖੇ ਜਿੱਥੇ ਸਤਿਗੁਰੂ ਜੀ ਦਾ ਵਿਸ਼ੇਸ਼ ਧਿਆਨ ਉਨ੍ਹਾਂ ਖਿਡਾਰੀਆਂ ਦੀ ਕੋਚਿੰਗ ਅਤੇ ਸਹੂਲਤਾਂ ਨੂੰ ਲੈ ਕੇ ਹੈ, ਉੱਥੇ ਸਤਿਗੁਰੂ ਜੀ ਦਾ ਇਹ ਵੀ ਯਤਨ ਹੈ ਕਿ ਇਹ ਬੱਚੇ ਸਿੱਖੀ-ਸਰੂਪ ਦੇ



ਧਾਰਨੀ ਹੋਣ ਦੇ ਨਾਲ-ਨਾਲ ਗੁਰਬਾਣੀ ਤੇ ਇਤਿਹਾਸ ਦੇ ਵੀ ਜਾਣਕਾਰ ਹੋਣ। ਪਿਛਲੇ ਤਕਰੀਬਨ ਦੋ ਕੁ ਮਹੀਨੇ ਤੋਂ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਨਿਵਾਸ ਰੱਖ ਰਹੇ ਹਨ। ਇਨ੍ਹਾਂ ਦਿਨਾਂ ਦੌਰਾਨ, ਉਹ ਫੁੱਟਬਾਲ ਖਿਡਾਰੀਆਂ ਵੱਲ ਵਿਸ਼ੇਸ਼ ਧਿਆਨ ਦਿੰਦੇ।

ਪਿਛਲੇ ਕੁਝ ਦਿਨਾਂ ਤੋਂ ਹਰ ਰੋਜ਼ ਸ਼ਾਮ ਵੇਲੇ ਖਿਡਾਰੀਆਂ ਦੀ ਪ੍ਰੈਕਟਿਸ ਮਗਰੋਂ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪ੍ਰਤਾਪ ਮੰਦਰ ਦੇ ਸਾਹਮਣੇ ਪਾਰਕ ਵਿੱਚ ਬਹੁਤ ਸੁੰਦਰ ਮਾਹੌਲ ਬਣ ਜਾਂਦਾ। ਸਤਿਗੁਰੂ ਜੀ ਖਿਡਾਰੀ ਬੱਚਿਆਂ ਨਾਲ ਛੋਟੇ-ਛੋਟੇ ਬਚਨ ਕਰਦੇ ਤੇ ਮੁਸਕਰਾਉਂਦੇ। ਪਹਿਲੇ ਦਿਨ ਗੁਰਲਾਲ ਸਿੰਘ ਨੇ ਭਾਈ ਰਾਏ ਸਿੰਘ ਦੀ ਸਾਖੀ ਸੁਣਾਈ ਕਿ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਹਜ਼ੂਰ ਸਾਹਿਬ ਤੋਂ ਮਰਿਆਦਾ ਲਿਆਉਣ ਲਈ ਆਖਿਆ ਤੇ ਫਿਰ ਰਸਤੇ ਵਿੱਚ ਉਨ੍ਹਾਂ ਦੀ ਸ਼ੇਰ ਤੋਂ ਰੱਖਿਆ ਕੀਤੀ। ਦੂਜੇ ਦਿਨ ਫਿਰ ਸਾਖੀ ਦੌਰਾਨ ਗੁਰਲਾਲ ਸਿੰਘ ਨੇ ਭਗਤ ਪ੍ਰਹਿਲਾਦ ਦੀ ਸਾਖੀ ਸੁਣਾਈ ਤੇ ਦੱਸਿਆ ਕਿ ਕਿਵੇਂ ਹੋਲਿਕਾ ਸੜ ਗਈ ਅਤੇ ਪ੍ਰਹਿਲਾਦ ਭਗਤ ਦੀ ਰੱਖਿਆ ਕੀਤੀ।

ਸਤਿਗੁਰੂ ਜੀ ਕਦੇ-ਕਦੇ ਛੋਟੇ-ਛੋਟੇ ਪੰਜ ਸੱਤ ਸਾਲ ਦੇ ਬੱਚਿਆਂ ਕੋਲੋਂ ਵੀ ਸਾਖੀ ਸੁਣਦੇ, ਕਿਸੇ ਕੋਲੋਂ ਰਹਿਤਨਾਮਾ ਸੁਣਦੇ, ਵਧੀਆ ਸੁਣਾਉਣ ਵਾਲੇ ਨੂੰ ਸ਼ਾਬਾਸ਼ੀ ਤੇ ਭੁੱਲਣ ਵਾਲੇ ਨੂੰ ਅਗਲੇ ਦਿਨ ਦੁਬਾਰਾ ਤਿਆਰੀ ਕਰਕੇ ਆਉਣ ਦਾ ਹੁਕਮ ਕਰਦੇ। ਉਸ ਤੋਂ ਅਗਲੇ ਦਿਨ ਭਜਨ ਸਿੰਘ ਨੇ ਸ਼ਹੀਦ ਬਿਸ਼ਨ ਸਿੰਘ ਦੀ ਸ਼ਹਾਦਤ ਦੀ ਸਾਖੀ ਤੇ ਗੁਰਲਾਲ ਸਿੰਘ ਨੇ ਸ਼ਹੀਦ ਵਰਿਆਮ ਸਿੰਘ ਦੀ ਢੀਮਾਂ ਚੁੱਕ ਤੋਪ ਅੱਗੇ ਖਲੋ ਕੇ ਸ਼ਹੀਦ ਹੋਣ ਵਾਲੀ ਸਾਖੀ ਸੁਣਾਈ। ਇਸ ਸਾਰੇ ਪ੍ਰੋਗਰਾਮ ਵਿੱਚ ਬਹੁਤ ਹੀ ਦਿਲਚਸਪ ਤੇ ਖੁਸ਼ਗਵਾਰ ਮਾਹੌਲ ਬਣਿਆ ਰਹਿੰਦਾ।



ਇੱਕ ਦਿਨ ਜਥੇਦਾਰ ਗੁਰਲਾਲ ਸਿੰਘ ਨੇ ਧ੍ਰੂ ਭਗਤ ਦੀ ਸਾਖੀ ਸੁਣਾਈ ਤੇ ਬੱਚਿਆਂ ਨੂੰ ਨਾਮ-ਸਿਮਰਨ ਕਰਨ ਲਈ ਪ੍ਰੇਰਿਆ। ਇਸ ਸਾਰੇ ਕਾਰਜ ਪਿੱਛੇ ਸਤਿਗੁਰੂ ਜੀ ਦਾ ਮਨੋਰਥ ਨਾਮਧਾਰੀ ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਹੈ। ਬੱਚਿਆਂ ਨੂੰ ਸੁਣਾਈਆਂ ਜਾਣ ਵਾਲੀਆਂ ਇਨ੍ਹਾਂ ਸਾਖੀਆਂ ਦਾ ਪ੍ਰੋਗਰਾਮ ਸੋਸ਼ਲ ਮੀਡੀਆ 'ਤੇ ਵੀ ਭੇਜਿਆ ਜਾਂਦਾ। ਜਿਸ ਨੂੰ ਸਮੁੱਚੀ ਸੰਗਤ ਨੇ ਬਹੁਤ ਪਸੰਦ ਕੀਤਾ।

ਭਜਨ ਸਿੰਘ

# ਸ਼ੁੱਧ ਗੁਰਬਾਣੀ ਪਾਠ ਮੁਕਾਬਲਾ

ਸ੍ਰੀ ਭੈਣੀ ਸਾਹਿਬ (2 ਅਗਸਤ 2020)- ਸਿੱਖ ਧਰਮ ਵਿੱਚ ਸ਼ੁੱਧ ਗੁਰਬਾਣੀ ਪੜ੍ਹਨੀ ਬਹੁਤ ਹੀ ਮਹੱਤਤਾ ਰਖਦੀ ਹੈ। ਅਸੀਂ ਪਿਛਲੇ ਗੁਰੂ ਸਾਹਿਬਾਨ ਵੇਲੇ ਦਾ ਇਤਿਹਾਸ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਭਾਈ ਗੋਪਾਲਾ ਜੀ ਨੇ ਸ਼ੁੱਧ ਪਾਠ ਸੁਣਾਇਆ ਤਾਂ ਗੁਰੂ ਸਾਹਿਬ ਜੀ ਆਪਣਾ ਗੁਰਤਾ ਆਸਣ ਸਿੱਖ ਨੂੰ ਦੇਣ ਲਈ ਤਿਆਰ ਹੋ ਗਏ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇਂ ਸਭ ਮਾਈ-ਭਾਈ, ਬੁੱਢੇ-ਬਾਲੇ ਨੂੰ ਗੁਰਬਾਣੀ ਦਾ ਪਾਠ ਕਰਨ ਦਾ ਹੁਕਮ ਦਿੱਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਕਿਰਪਾ ਕੀਤੀ ਸ਼ੁੱਧ ਪਾਠ ਮੁਕਾਬਲੇ ਕਰਵਾਏ, ਪਾਠੀ ਸਿੰਘਾਂ ਦਾ ਮਾਣ-ਸਨਮਾਨ ਕੀਤਾ। ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਨੇ ਨੌਜਵਾਨਾਂ ਵਿੱਚ ਇਸ ਗੱਲ ਉੱਤੇ ਬਹੁਤ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਹੋਇਆ ਹੈ ਕਿ ਵੱਧ ਤੋਂ ਵੱਧ ਨੌਜਵਾਨ ਬੱਚੇ-ਬੱਚੀਆਂ ਸ਼ੁੱਧ ਪਾਠ ਕਰਨ, ਇਸ ਵਾਸਤੇ ਸੰਤ ਬਲਕਾਰ ਸਿੰਘ ਜੀ, ਸੰਤ ਨਿਸ਼ਾਨ ਸਿੰਘ, ਗੁਰਸੇਵਕ ਸਿੰਘ, ਅਮਰੀਕ ਸਿੰਘ, ਜਥੇਦਾਰ ਹਰਪਾਲ ਸਿੰਘ ਅਤੇ ਰਾਗੀ ਸ਼ਾਮ ਸਿੰਘ ਦੀ ਡਿਊਟੀ ਲਗਾਈ ਹੋਈ ਹੈ ਤੇ ਉਹ ਸਵੇਰੇ ਸ਼ਾਮ ਬੱਚਿਆਂ ਨੂੰ ਪਾਠ ਸਿਖਾਉਂਦੇ ਹਨ। ਸਤਿਗੁਰੂ ਜੀ ਨੇ ਇਨ੍ਹਾਂ ਦਿਨਾਂ ਵਿੱਚ ਇੱਥੇ ਦਰਸ਼ਨ ਦੇਣ ਸਮੇਂ ਸੰਤ ਨਿਸ਼ਾਨ ਸਿੰਘ ਨੂੰ ਗੁਰਬਾਣੀ ਪਾਠ ਮੁਕਾਬਲਾ ਕਰਵਾਉਣ ਦਾ ਹੁਕਮ ਕੀਤਾ। ਸਤਿਗੁਰੂ ਜੀ ਦੇ ਹੁਕਮ ਨਾਲ ਐਤਵਾਰ 2 ਅਗਸਤ 2020 ਨੂੰ ਹਰੀ ਮੰਦਰ ਵਿੱਚ ਸੰਤ ਨਿਸ਼ਾਨ ਸਿੰਘ ਜੀ ਦੀ ਅਗਵਾਈ ਵਿੱਚ ਛੋਟੇ ਬੱਚਿਆਂ ਤੋਂ ਲੈ ਕੇ ਵੱਡੇ ਬੱਚਿਆਂ ਤੱਕ ਪਾਠ ਮੁਕਾਬਲੇ ਆਰੰਭ ਹੋਏ। ਇੱਥੇ ਦੱਸਣਾ ਜ਼ਰੂਰੀ ਹੈ ਕਿ ਨਾਮਧਾਰੀ ਫੁੱਟਬਾਲ ਟੀਮ ਦੇ ਸਾਰੇ ਬੱਚਿਆਂ ਨੂੰ ਪਾਠ ਸਿਖਾਉਣ ਲਈ ਗੁਰਭਗਤ ਸਿੰਘ ਦੀ ਡਿਊਟੀ ਲਾਈ ਗਈ ਹੈ।

ਇਸ ਪਾਠ ਮੁਕਾਬਲੇ ਵਿੱਚ ਤਕਰੀਬਨ 97 ਬੱਚੇ ਬੱਚੀਆਂ ਨੇ ਭਾਗ ਲਿਆ। ਹਰੀ ਮੰਦਰ ਵਿੱਚ ਸਵੇਰੇ 7 ਵਜੇ ਤੱਕ ਸਾਰੇ ਬੱਚੇ ਕਤਾਰਾਂ ਵਿੱਚ ਬੈਠ ਗਏ ਸਨ। ਇਨ੍ਹਾਂ ਬੱਚਿਆਂ ਤੋਂ ਪਾਠ ਸੁਣਨ ਲਈ ਕਵੀਸ਼ਰ ਗੁਰਸੇਵਕ ਸਿੰਘ, ਅਮਰੀਕ ਸਿੰਘ ਕਥਾਵਾਚਕ, ਜਥੇਦਾਰ ਹਰਪਾਲ ਸਿੰਘ, ਸੰਤ ਨਿਸ਼ਾਨ ਸਿੰਘ ਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ। ਇਸ ਮੁਕਾਬਲੇ ਦੌਰਾਨ ਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਨ੍ਹਾਂ ਬੱਚਿਆਂ ਤੋਂ ਪਾਠ ਸੁਣੇ ਗਏ। ਅਗਲੇ ਦਿਨ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਇਨ੍ਹਾਂ ਬੱਚਿਆਂ ਨੂੰ ਇਨਾਮ ਵੰਡੇ ਗਏ। ਸੰਤ ਨਿਸ਼ਾਨ ਸਿੰਘ ਨੇ ਜੇਤੂ ਬੱਚਿਆਂ ਦੇ ਨਾਮ ਪੜ੍ਹ ਕੇ ਸੁਣਾਏ। ਸਾਰੇ ਜੇਤੂ ਬੱਚਿਆਂ ਨੇ ਵਾਰੋ-ਵਾਰੀ ਆ ਕੇ ਸ੍ਰੀ ਸਤਿਗੁਰੂ ਜੀ ਦੇ ਕਰ-ਕਮਲਾਂ ਤੋਂ ਇਨਾਮ ਹਾਸਲ ਕੀਤੇ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੁਕਾਬਲੇ ਵਿੱਚ ਜੇਤੂ ਬੱਚਿਆਂ ਦੇ ਨਾਮ ਇਸ ਪ੍ਰਕਾਰ ਹਨ-

### ਸ਼ੁੱਧ ਗੁਰਬਾਣੀ ਪ੍ਰਤੀਯੋਗਤਾ
ਉਮਰ 8 ਸਾਲ ਤੱਕ

ਗਿਆਨ ਸਿੰਘ ਪੁੱਤਰ ਗੁਰਸੇਵ ਸਿੰਘ
ਆਤਮਾ ਸਿੰਘ ਪੁੱਤਰ ਆਸਾ ਸਿੰਘ ਸੇਵਕ
ਗੁਰਬਚਨ ਕੌਰ ਪੁੱਤਰੀ ਗੁਰਪ੍ਰੀਤ ਸਿੰਘ

ਉਮਰ 8 ਤੋਂ 14 ਸਾਲ ਤੱਕ

ਵੀਰ ਸਿੰਘ ਪੁੱਤਰ ਵਰਿਆਮ ਸਿੰਘ
ਬੰਤਾ ਸਿੰਘ ਪੁੱਤਰ ਬਲਵਿੰਦਰ ਸਿੰਘ
ਬਸੰਤ ਕੌਰ ਪੁੱਤਰੀ ਬਲਕਾਰ ਸਿੰਘ

ਉਮਰ 14 ਤੋਂ 20 ਸਾਲ ਤੱਕ

ਗੁਰਦੇਵ ਕੌਰ ਪੁੱਤਰੀ ਗੁਰਦੀਪ ਸਿੰਘ
ਰਾਮ ਸਿੰਘ ਪੁੱਤਰ ਘੁੱਲਾ ਸਿੰਘ
ਵੀਰ ਸਿੰਘ ਪੁੱਤਰ ਵਰਿਆਮ ਸਿੰਘ

### ਗੁਰਬਾਣੀ ਕੰਠ ਪ੍ਰਤੀਯੋਗਤਾ
8 ਤੋਂ 14 ਸਾਲ ਤੱਕ

ਬਲਰਾਮ ਸਿੰਘ ਪੁੱਤਰ ਬਲਜੀਤ ਸਿੰਘ
ਤੇਜਾ ਸਿੰਘ ਪੁੱਤਰ ਤਜਿੰਦਰ ਸਿੰਘ

14 ਤੋਂ 20 ਸਾਲ ਤੱਕ
ਨਿਹਾਲ ਕੌਰ ਪੁੱਤਰੀ ਨਿਸ਼ਾਨ ਸਿੰਘ
ਰਾਮ ਸਿੰਘ ਪੁੱਤਰ ਘੁੱਲਾ ਸਿੰਘ
ਘਣਬੀਰ ਸਿੰਘ ਪੁੱਤਰ ਘੁੱਲਾ ਸਿੰਘ

ਇਨਾਮ ਵੰਡ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਦੋ ਮਹੀਨੇ ਬਾਅਦ ਫਿਰ ਮੁਕਾਬਲਾ ਹੋਵੇਗਾ ਅਤੇ ਉਸ ਮੁਕਾਬਲੇ ਵਿੱਚ ਉਮਰ ਦੀ ਸੀਮਾ 30 ਸਾਲ ਤੱਕ ਹੋਵੇਗੀ। ਉਸ ਮੁਕਾਬਲੇ ਵਿੱਚ ਸੀਨੀਅਰ ਵੀ ਭਾਗ ਲੈ ਸਕਣਗੇ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਸੁਣਿਆ ਜਾਵੇਗਾ। "ਵਿਦਿਆਰਥੀ ਹੁਣ ਤੋਂ ਹੀ ਤਿਆਰੀ ਕਰ ਲੈਣ।" ਉਸ ਸਮੇਂ ਗਿਣਤੀ ਹੋਰ ਵੱਧ ਹੋਣੀ ਚਾਹੀਦੀ ਹੈ।

ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਬੱਚਿਆਂ ਦਾ ਸ਼ੁੱਧ ਪਾਠ ਮੁਕਾਬਲਾ ਸੰਪੂਰਨ ਹੋਇਆ। ਬੱਚਿਆਂ ਦਾ ਮਨੋਬਲ ਹੋਰ ਵਧਿਆ ਹੈ। ਆਸ ਹੈ ਕਿ ਆਉਣ ਵਾਲੇ ਮੁਕਾਬਲੇ ਵਿੱਚ ਬੱਚੇ ਹੋਰ ਮਿਹਨਤ ਕਰਕੇ ਆਉਣਗੇ।

ਗੁਰਦੇਵ ਸਿੰਘ ਚੀਮਾ

**ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ 2 ਮਹੀਨਿਆਂ ਬਾਅਦ ਸ੍ਰੀ ਭੈਣੀ ਸਾਹਿਬ ਵਿਖੇ ਫਿਰ ਤੋਂ ਹੋਵੇਗਾ ਗੁਰਬਾਣੀ ਪਾਠ ਮੁਕਾਬਲਾ।**

# ਰਾਇਕੋਟ ਦੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ

ਦੇਸ ਦੀ ਆਜ਼ਾਦੀ ਲਈ ਆਪਾ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦ ਗੁਰਮੁੱਖ ਸਿੰਘ, ਮਸਤਾਨ ਸਿੰਘ ਅਤੇ ਮੰਗਲ ਸਿੰਘ ਦੀ ਯਾਦ ਵਿੱਚ 5 ਅਗਸਤ 2020 ਨੂੰ ਸ੍ਰੀ ਭੈਣੀ ਸਾਹਿਬ ਮੇਲਾ ਮਨਾਇਆ ਗਿਆ।

ਇਸ ਮੇਲੇ ਵਿੱਚ ਗੁਰਲਾਲ ਸਿੰਘ ਨੇ ਕਵੀਸ਼ਰੀ ਰਾਹੀਂ ਸ਼ਹੀਦਾਂ ਦੇ ਜੀਵਨ ਬਾਰੇ ਦੱਸਿਆ। ਉਹਨਾਂ ਕਿਹਾ ਇਹ ਰਾਏਕੋਟ ਦੀ ਧਰਤੀ ਤੇ ਹੋਣ ਵਾਲੇ ਤਿੰਨੋਂ ਸ਼ਹੀਦ ਪਿੱਥੋ ਪਿੰਡ ਦੇ ਸਨ। ਇਹ ਆਪਣੇ ਘਰੋਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਜਾ ਰਹੇ ਸਨ। ਰਸਤੇ ਵਿੱਚ ਟਾਹਲੀਆਣਾ ਗੁਰਦੁਆਰੇ (ਰਾਏਕੋਟ) ਠਹਿਰੇ, ਪੁਜਾਰੀਆਂ ਨੇ ਨੇੜੇ ਬੁੱਚੜਖਾਨੇ ਕਾਰਨ ਗੁਰਦੁਆਰੇ ਦੀ ਹੁੰਦੀ ਅਪਵਿੱਤਰਤਾ ਬਾਰੇ ਇਹਨਾਂ ਨੂੰ ਜਾਣੂੰ ਕਰਵਾਇਆ। ਇਹਨਾਂ ਨੇ ਗੁਰੂਧਾਮਾਂ ਦੀ ਪਵਿਤਰਤਾ ਕਾਇਮ ਕਰਨ ਲਈ ਅਤੇ ਅੰਗ੍ਰੇਜ਼ ਦੁਆਰਾ ਲਾਏ ਗਏ ਬੁੱਚੜਖਾਨੇ ਦੀ ਵਿਰੋਧਤਾ ਕਰਦੇ ਹੋਏ ਬੁੱਚੜਾਂ ਨੂੰ ਸੋਧਿਆ ਅਤੇ ਇਸ ਕੇਸ ਵਿੱਚ ਹੱਸ-ਹੱਸ ਫਾਂਸੀ ਦੇ ਰੱਸੇ ਚੁੰਮ ਲਏ।

ਉਪਰੰਤ ਜਥੇਦਾਰ ਗੁਰਲਾਲ ਸਿੰਘ ਨੇ ਹੱਲੇ ਦੇ ਦੀਵਾਨ ਸਜਾ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਗੁਰੂ ਕੇ ਲੰਗਰ ਵਿੱਚ ਸਾਰਾ ਦਿਨ ਪੰਚਾਮ੍ਰਿਤ ਵਰਤਿਆ।

-ਗੁਰਲਾਲ ਸਿੰਘ

# 'ਨਾਮਧਾਰੀ ਨਿੱਤਨੇਮ ਸਟੀਕ' ਇੱਕ ਇਤਿਹਾਸਕ ਕਾਰਜ

7 ਜੂਨ ਨੂੰ ਸਵੇਰੇ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਨਾਮਧਾਰੀ ਨਿਤਨੇਮ ਸਟੀਕ ਰਿਲੀਜ਼ ਕੀਤਾ ਗਿਆ। ਨਾਮਧਾਰੀ ਦਰਬਾਰ ਦੁਆਰਾ ਕਰਵਾਇਆ ਗਿਆ ਇਹ ਕਾਰਜ ਇਤਿਹਾਸਕ ਕਾਰਜ ਹੋ ਨਿਬੜਿਆ ਹੈ ਕਿਉਂਕਿ ਇੱਕ ਤਾਂ ਅੱਜ ਤੋਂ ਪਹਿਲਾਂ ਹੋਏ ਬਾਕੀ ਟੀਕਿਆਂ ਦੀ ਭਾਸ਼ਾ ਪੁਰਾਣੀ ਹੋ ਚੁੱਕੀ ਹੈ, ਦੂਸਰਾ ਉਹ ਟੀਕੇ ਵਿਦਵਤਾ ਭਰਪੂਰ ਅਰਥਾਂ ਵਾਲੇ ਹਨ। ਕਈ ਟੀਕੇ ਤਾਂ ਹੈ ਹੀ ਐਸੇ ਜਿਹੜੇ ਕੀਤੇ ਹੀ ਵਿਦਵਾਨਾਂ ਲਈ ਗਏ ਜਾਂ ਫਿਰ ਆਪੋ-ਆਪਣੀ ਵਿਦਵਤਾ ਦੇ ਦਿਖਾਵੇ ਲਈ ਹੋਏ। ਇਸ ਲਈ ਅਜਿਹੇ ਟੀਕੇ ਆਮ ਪਾਠਕਾਂ ਜਾਂ ਅਜੋਕੀ ਪੀੜ੍ਹੀ ਨੂੰ ਬਹੁਤ ਘੱਟ ਸਮਝ ਆਉਂਦੇ ਹਨ ਤੇ ਸਿਰਫ਼ ਤੇ ਸਿਰਫ਼ ਵਿਦਵਾਨਾਂ ਦੇ ਹੀ ਸਮਝ ਆਉਂਦੇ ਹਨ। ਤੀਸਰਾ ਕੁਝ ਟੀਕੇ ਅਜਿਹੇ ਵੀ ਹਨ ਜਿਹੜੇ ਸੌਖੇ ਹਨ। ਪਰ ਉਹ ਬਹੁਤ ਜਿਆਦਾ ਲੰਬੀ ਵਿਆਖਿਆ ਵਾਲੇ ਹੁੰਦੇ ਹਨ। ਦੂਸਰੇ ਟੀਕਿਆਂ ਦੇ ਮੁਕਾਬਲੇ ਇਸ ਦੀ ਵਿਲੱਖਣਤਾ ਇਹ ਹੈ ਕਿ ਇਸ ਦੀ ਭਾਸ਼ਾ ਆਧੁਨਿਕ ਹੋਣ ਕਾਰਨ ਸੌਖੀ ਹੈ। ਜੋ ਆਮ ਪਾਠਕ ਦੇ ਆਸਾਨੀ ਨਾਲ ਸਮਝ ਆ ਸਕਦੀ ਹੈ। ਕੁਝ ਕੁ ਸ਼ਬਦ ਹਨ ਜੋ ਪੁਰਾਤਨ ਪੰਜਾਬੀ ਦੇ ਹੀ ਲਏ ਗਏ ਹਨ। ਉਹ ਟੀਕਾਕਾਰਾਂ ਦੀ ਮਜ਼ਬੂਰੀ ਸੀ ਕਿਉਂਕਿ ਇਹ ਉਹੀ ਸ਼ਬਦ ਹਨ ਜਿਨ੍ਹਾਂ ਦਾ ਬਦਲ ਨਹੀਂ ਮਿਲ ਸਕਿਆ। ਇਸ ਦੀ ਵਿਆਖਿਆ ਵੀ ਬਹੁਤ ਸਾਦੀ ਹੈ ਕਿਉਂਕਿ ਲੰਬੀ-ਲੰਬੀ ਵਿਆਖਿਆ ਦੀ ਥਾਂ 'ਤੇ ਸਰਲ, ਸੰਖੇਪ ਤੇ ਸਪੱਸ਼ਟ ਵਿਆਖਿਆ ਕੀਤੀ ਗਈ ਹੈ ਤਾਂ ਜੋ ਨਵੇਂ ਪਾਠਕ ਪੜ੍ਹਨ ਸਮੇਂ ਅੱਕਣ ਨਾ ਅਤੇ ਨਾ ਹੀ ਕਿਸੇ ਤਰੀਕੇ ਦੀ ਔਖਿਆਈ ਮਹਿਸੂਸ ਕਰਨ। ਇਸ ਤੋਂ ਪਹਿਲਾਂ ਵੀ ਦੋ ਸਟੀਕ ਨਾਮਧਾਰੀ ਦਰਬਾਰ ਨਾਲ ਸਬੰਧਿਤ ਮਿਲਦੇ ਹਨ। ਉਨ੍ਹਾਂ ਦੀ ਭਾਸ਼ਾ ਵੀ ਪੁਰਾਤਨ ਪੰਜਾਬੀ ਵਰਗੀ ਹੀ ਹੈ। ਇਸ ਦੇ ਸਰਲ ਅਰਥਾਂ ਬਾਰੇ ਜਾਣੂ ਕਰਵਾਉਣ ਲਈ ਜਾਪ ਸਾਹਿਬ ਵਿੱਚੋਂ ਦੋ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ-

ਮੁਨਿ ਮਨਿ ਪ੍ਰਨਾਮ॥ ਗੁਨ ਗਨ ਮੁਦਾਮ॥
ਮੁਨੀਆਂ ਦੇ ਸ਼੍ਰੋਮਣੀ ਅਤੇ ਗੁਣਾਂ ਦੇ ਪੁੰਜ ਪ੍ਰਭੂ! ਤੈਨੂੰ ਨਮਸਕਾਰ ਹੈ।
ਅਰਿ ਬਰ ਅਗੰਜ॥ ਹਰਿ ਨਰ ਪ੍ਰਭੰਜ॥੧੯੧॥
ਹੇ ਮਹਾਂ ਵੈਰੀਆਂ ਤੋਂ ਅਜਿੱਤ ਪ੍ਰਭੂ! ਤੂੰ ਦੇਵਤਿਆਂ ਅਤੇ ਬੰਦਿਆਂ ਨੂੰ ਨਾਸ ਕਰਨ ਵਾਲਾ ਹੈਂ।
ਜਲ ਥਲ ਅਮੰਡ॥ ਦਿਸ ਵਿਸ ਅਭੰਡ॥
ਤੂੰ ਜਲ-ਥਲ ਵਿੱਚ ਮੌਜੂਦ, ਦਿਸ਼ਾਵਾਂ ਤੇ ਉਪਦਿਸ਼ਾਵਾਂ ਵਿੱਚ ਵਿਆਪਕ ਅਤੇ ਵਿਘਨ ਰਹਿਤ ਹੈਂ।
ਜਲ ਥਲ ਮਹੰਤ॥ ਦਿਸ ਵਿਸ ਬਿਅੰਤ॥੧੯੫॥
ਤੂੰ ਸਮੂਹ ਵਿਸ਼ਵ ਦਾ ਪੂਜਨੀਕ ਹੈਂ ਅਤੇ ਦਿਸ਼ਾਵਾਂ ਤੇ ਉਪਦਿਸ਼ਾਵਾਂ ਵਿੱਚ ਤੇਰਾ ਅਪਾਰ ਜੱਸ ਹੋ ਰਿਹਾ ਹੈ।

ਇਸ ਟੀਕੇ ਦੀ ਚੌਥੀ ਵਿਲੱਖਣਤਾ ਇਹ ਹੈ ਕਿ ਇਸ ਤੋਂ ਪਹਿਲਾਂ ਨਾਮਧਾਰੀ ਦਰਬਾਰ ਨਾਲ ਸਬੰਧਿਤ ਜਿਹੜੇ ਦੋ ਟੀਕੇ ਹਨ। ਉਹ ਸਿਰਫ਼ ਇੱਕ-ਇੱਕ ਬਾਣੀ ਦੇ ਹੀ ਹਨ। ਪਹਿਲਾ ਟੀਕਾ ਹੈ ਜ਼ਫ਼ਰਨਾਮੇ ਦਾ ਜੋ ਬਾਬਾ ਨਰੈਣ ਸਿੰਘ ਫਿਲੌਰ ਵਾਲਿਆਂ ਨੇ ਕੀਤਾ ਜੋ 1887 ਈ. ਵਿੱਚ ਛਪਿਆ। ਦੂਸਰਾ ਟੀਕਾ ਹੈ ਚੰਡੀ ਦੀ ਵਾਰ ਦਾ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਈ ਕਾਹਨ ਸਿੰਘ ਨਾਭਾ ਹੋਰਾਂ ਤੋਂ 1 ਮੱਘਰ 1812 ਬਿਕਰਮੀ ਸੰਮਤ ਅਨੁਸਾਰ 1935 ਈ. ਵਿੱਚ ਕਰਵਾਇਆ। ਪਰ ਇਸ ਅਜੋਕੇ ਸਟੀਕ ਵਿੱਚ 16 ਬਾਣੀਆਂ ਦਾ ਟੀਕਾ ਕੀਤਾ ਗਿਆ ਹੈ। ਜਿਨ੍ਹਾਂ ਵਿੱਚ ਰੋਜ਼ਾਨਾ ਨਿੱਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਲਾਵਾਂ ਅਤੇ ਸਲੋਕ ਮ:੯ ਵਰਗੀਆਂ ਬਾਣੀਆਂ ਵੀ ਸ਼ਾਮਿਲ ਹਨ।

ਇਹ ਸਟੀਕ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤ ਨਿਸ਼ਾਨ ਸਿੰਘ ਅਤੇ ਸੁਵਰਨ ਸਿੰਘ ਵਿਰਕ ਹੋਰਾਂ ਦੀ ਅਗੁਵਾਈ ਵਿੱਚ ਭਜਨ ਸਿੰਘ, ਗੁਰਲਾਲ ਸਿੰਘ ਅਤੇ ਜਸਵੰਤ ਸਿੰਘ 'ਮਸਤ' ਦੁਆਰਾ ਕੀਤਾ ਗਿਆ ਹੈ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਾਰੀ ਸਾਧ-ਸੰਗਤ ਇਸ ਸਟੀਕ ਨੂੰ ਜ਼ਰੂਰ ਪੜ੍ਹੇ।

-ਜਸਵੰਤ ਸਿੰਘ 'ਮਸਤ'

## ਸ੍ਰੀ ਭੈਣੀ ਸਾਹਿਬ ਵਿਖੇ ਹੋਏ ਪਾਠ ਮੁਕਾਬਲਿਆਂ ਦੇ ਜੇਤੂ ਵਿਦਿਆਰਥੀ ਸਤਿਗੁਰੂ ਜੀ ਪਾਸੋਂ ਇਨਾਮ ਪ੍ਰਾਪਤ ਕਰਦੇ ਹੋਏ



# ਆਜ਼ਾਦੀ

– ਗੁਰਦਾਸ ਰਾਮ 'ਆਲਮ'

ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ?
'ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ।'
ਮੈਂ ਜੱਗੂ ਤੋਂ ਸੁਣਿਆ, ਅੰਬਾਲੇ ਖੜ੍ਹੀ ਸੀ,
ਬੜੀ ਭੀੜ ਉਸਦੇ, ਉਦਾਲੇ ਖੜ੍ਹੀ ਸੀ।
ਬਿਰਲੇ ਦੇ ਘਰ ਵੱਲ, ਅਗਾੜੀ ਸੀ ਉਸਦੀ,
ਤੇ ਲੋਕਾਂ ਦੇ ਮੂੰਹ ਵੱਲ ਪਛਾੜੀ ਸੀ ਉਸਦੀ।
ਆਈ ਨੂੰ ਭਾਵੇਂ 'ਤੀਆ' ਸਾਲ ਬੀਤਾ,
ਅਸੀਂ ਤੇ ਅੱਜ ਤੱਕ, ਦਰਸ਼ਨ ਨਹੀਂ ਕੀਤਾ।
ਦਿੱਲੀ 'ਚ ਆਉਂਦੀ ਹੈ, ਸਰਦੀ ਦੀ ਰੁੱਤੇ,
ਤੇ ਹਾੜਾਂ ਨੂੰ ਰਹਿੰਦੀ, ਪਹਾੜਾਂ ਦੇ ਉੱਤੇ।
ਗਰੀਬਾਂ ਨਾਲ ਲੱਗਦੀ, ਲੜ੍ਹੀ ਹੋਈ ਆ ਖ਼ਬਰੇ,
ਤੇ ਅਮੀਰਾਂ ਦੇ ਹੱਥੀਂ, ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ 'ਚੋਂ ਪੜ੍ਹਿਆ, ਜਰਵਾਣੀ ਜਿਹੀ ਏ,
ਕੋਈ ਸੋਹਣੀ ਤਾਂ ਨਹੀਂ, ਐਵੇਂ ਕਾਣੀ ਜਿਹੀ ਏ।
ਜੇ ਮੰਨੇ ਉਹ ਕਹਿਣਾ, ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸੁਆਈਏ।
ਪਰ ਏਨਾ ਪਤਾ ਨਹੀਂ, ਕੀ ਖਾਂਦੀ ਹੁੰਦੀ ਏ।
ਕਿਹੜੀ ਚੀਜ਼ ਤੋਂ ਦਿਲ, ਚੁਰਾਂਦੀ ਹੁੰਦੀ ਏ।
ਸ਼ਿਮਲੇ ਤਾਂ ਉਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ।

(ਆਜ਼ਾਦੀ ਤੋਂ ਤਿੰਨ ਸਾਲ ਬਾਅਦ ਲਿਖੀ ਕਵਿਤਾ ਅੱਜ ਵੀ ਓਨੀ ਹੀ ਪ੍ਰਸੰਗਿਕ ਹੈ।)